# ਓਲੰਪਿਕ ਵਿੱਚ ਭਾਰਤੀ ਖਿਡਾਰੀਆਂ ਦੇ ਹਿੱਤ ਮਹਿਫ਼ੂਜ਼ ਰੱਖਣ 'ਚ ਨਾਕਾਮ ਸਿੱਧ ਹੋਈ ਕੇਂਦਰ ਸਰਕਾਰ : ਭਗਵੰਤ ਮਾਨ




**ਚੰਡੀਗੜ੍ਹ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੈਰਿਸ ਓਲੰਪਿਕ ਵਿਖੇ ਹਿੱਸਾ ਲੈਣ ਵਾਲੇ ਖਿਡਾਰੀਆਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਵਿੱਚ ਨਾਕਾਮ ਸਿੱਧ ਹੋਣ ਲਈ ਕੇਂਦਰ ਸਰਕਾਰ ਦੀ ਸਖ਼ਤ ਅਲੋਚਨਾ ਕੀਤੀ ਹੈ।

ਮੁੱਖ ਮੰਤਰੀ ਨੇ ਅੱਜ ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਦੇ ਪਿੰਡ ਚਰਖੀ ਦਾਦਰੀ ਵਿਖੇ ਪਹੁੰਚ ਕੇ ਉਸ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਪੈਰਿਸ ਵਿੱਚ ਚੱਲ ਰਹੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਖਿਡਾਰੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਪਰ ਕੇਂਦਰ ਸਰਕਾਰ ਨੇ ਇਸ ਗੰਭੀਰ ਮੁੱਦੇ ਉਤੇ ਚੁੱਪ ਧਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਫੋਗਾਟ ਨੂੰ ਓਲੰਪਿਕ ਦੇ ਫਾਈਨਲ ਮੁਕਾਬਲੇ ਤੋਂ ਬਾਹਰ ਕਰ ਦਿੱਤਾ ਗਿਆ, ਭਾਵੇਂ ਉਸ ਨੇ ਸੈਮੀਫਾਈਨਲ ਤੱਕ ਹੋਰ ਮੁਲਕਾਂ ਦੀਆਂ ਖਿਡਾਰਨਾਂ ਨੂੰ ਚਿੱਤ ਕੀਤਾ ਅਤੇ ਉਹ ਓਲੰਪਿਕ ਵਿੱਚ ਸੋਨ ਤਮਗੇ ਦੀ ਮਜ਼ਬੂਤ ਦਾਅਵੇਦਾਰ ਸੀ। ਇਸੇ ਤਰ੍ਹਾਂ ਹਾਕੀ ਖਿਡਾਰੀਆਂ ਨੂੰ ਬਿਨਾਂ ਕਿਸੇ ਕਸੂਰ ਦੇ ਰੈੱਡ ਕਾਰਡ ਦਿਖਾਉਣਾ ਅਣ-ਉਚਿਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਹੈਰਾਨੀਜਨਕ ਹੈ ਕਿ ਭਾਰਤ ਸਰਕਾਰ ਅਤੇ ਭਾਰਤੀ ਓਲੰਪਿਕ ਐਸੋਸੀਏਸ਼ਨ ਮੂਕ ਦਰਸ਼ਨ ਬਣੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਕ ਪਾਸੇ ਤਾਂ ਕੇਂਦਰ ਸਰਕਾਰ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਦੇ ਸਮਰੱਥ ਹੋਣ ਦੇ ਦਮਗਜ਼ੇ ਮਾਰ ਰਹੀ ਹੈ ਜਦਕਿ ਦੂਜੇ ਪਾਸੇ ਸਾਡੇ ਮੁਲਕ ਦੇ ਖਿਡਾਰੀਆਂ ਦੇ ਹਿੱਤ ਮਹਿਫ਼ੂਜ਼ ਨਹੀਂ ਹਨ। ਉਨ੍ਹਾਂ ਕਿਹਾ ਕਿ ਭਾਰਤੀ ਖਿਡਾਰੀਆਂ ਨੇ ਓਲੰਪਿਕ ਖੇਡਾਂ ਦੌਰਾਨ ਮਿਸਾਲੀ ਖੇਡ ਭਾਵਨਾ ਦਾ ਪ੍ਰਗਟਾਵਾ ਕੀਤਾ ਪਰ ਕੇਂਦਰ ਸਰਕਾਰ ਦੀਆਂ ਗਲਤੀਆਂ ਕਾਰਨ ਉਹ ਮੈਡਲ ਜਿੱਤਣ ਤੋਂ ਖੁੰਝ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਕਿਸੇ ਖਿਡਾਰੀ ਨੂੰ 200 ਗ੍ਰਾਮ ਦੇ ਭਾਰ ਕਰਕੇ ਖੇਡ ਮੁਕਾਬਲੇ ਤੋਂ ਵਿਰਵਾ ਰਹਿਣਾ ਪਵੇ ਤਾਂ ਫਿਰ ਕੋਚ, ਫਿਜ਼ੀਓਥਰੈਪੀ ਅਤੇ ਹੋਰ ਸਾਧਨਾਂ ਲਈ ਕੀਤੇ ਜਾ ਰਹੇ ਵੱਡੇ ਖਰਚੇ ਦੀ ਕੀ ਤੁੱਕ ਬਣਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮੁਲਕ ਦੇ ਅਧਿਕਾਰੀ ਉਥੇ ਸਿਰਫ ਛੁੱਟੀਆਂ ਮਨਾਉਣ ਲਈ ਗਏ ਹਨ ਜਦਕਿ ਉਨ੍ਹਾਂ ਨੇ ਖਿਡਾਰੀਆਂ ਦੇ ਹਿੱਤਾਂ ਦੀ ਸੁਰੱਖਿਆ ਨਾ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਪਾਸਾ ਵੱਟਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਯੂਕਰੇਨ ਦੀ ਜੰਗ ਰੋਕਣ ਵਿੱਚ ਦਖ਼ਲ ਦੇਣ ਬਾਰੇ ਹਰ ਰੋਜ਼ ਵੱਡੇ ਦਾਅਵੇ ਕਰ ਰਹੀ ਹੈ ਪਰ ਓਲੰਪਿਕ ਖੇਡਾਂ ਲਈ ਸਖ਼ਤ ਮਿਹਨਤ ਕਰ ਰਹੇ ਸਾਡੇ ਖਿਡਾਰੀਆਂ ਨੂੰ ਲਾਵਾਰਸ ਛੱਡ ਦਿੱਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਰਾ ਮੁਲਕ ਇਸ ਵੇਲੇ ਬਹਾਦਰ ਲੜਕੀ ਵਿਨੇਸ਼ ਫੋਗਾਟ ਨਾਲ ਡਟ ਕੇ ਖੜ੍ਹਾ ਹੈ ਜੋ ਮੈਡਲ ਜਿੱਤਣ ਤੋਂ ਇਸ ਕਰਕੇ ਖੁੰਝ ਗਈ ਕਿਉਂਕਿ ਕੇਂਦਰ ਸਰਕਾਰ ਨੇ ਉਸ ਨੂੰ ਅਯੋਗ ਠਹਿਰਾਏ ਜਾਣ ਦੇ ਖਿਲਾਫ਼ ਅਪੀਲ ਪਾਉਣ ਦੀ ਪ੍ਰਵਾਹ ਨਹੀਂ ਕੀਤੀ।

# ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਸਿਹਤ ਮੰਤਰੀ ਨਾਲ ਚੰਡੀਗੜ੍ਹ 'ਚ ਵਿਸ਼ੇਸ਼ ਮੁਲਾਕਾਤ



**ਚੰਡੀਗੜ੍ਹ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਅਤੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ ਜਿਸਦੇ ਤਹਿਤ ਸਿਹਤ ਮੰਤਰੀ ਬਲਬੀਰ ਸਿੰਘ ਵੱਲੋਂ ਅੱਜ ਹਲਕਾ ਆਤਮ ਨਗਰ ਵਿਖੇ 12 ਕਮਰਿਆਂ ਦੇ ਜੱਚਾ-ਬੱਚਾ ਹਸਪਤਾਲ ਨੂੰ ਸ਼ੁਰੂ ਕਰਨ ਲਈ ਹਰੀ ਝੰਡੀ ਦਿੱਤੀ ਗਈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਅੱਜ ਚੰਡੀਗੜ੍ਹ ਵਿਖੇ ਸਿਹਤ ਮੰਤਰੀ ਬਲਬੀਰ ਸਿੰਘ ਨਾਲ ਮੁਲਾਕਾਤ ਕਰਨ ਤੋਂ ਬਾਅਦ ਕੀਤਾ। ਉਨ੍ਹਾਂ ਦੱਸਿਆ ਕਿ ਸਿਹਤ ਮੰਤਰੀ ਵੱਲੋਂ ਹਲਕਾ ਆਤਮ ਨਗਰ ਅਧੀਨ ਸ਼ਿਮਲਾਪੁਰੀ ਨਹਿਰ 'ਤੇ ਐਨ.ਜੀ.ਓ. ਹੈਲਪਫੁਲ ਦੇ ਸਹਿਯੋਗ ਨਾਲ 12 ਕਮਰਿਆਂ ਦੇ ਜੱਚਾ-ਬੱਚਾ ਹਸਪਤਾਲ ਨੂੰ ਸ਼ੁਰੂ ਕਰਨ ਲਈ ਪ੍ਰਵਾਨਗੀ ਜਾਰੀ ਕਰ ਦਿੱਤੀ ਗਈ ਹੈ ਜਿਸਦੀ ਜਲਦ ਰਸਮੀ ਸੁ ?ਰੂਆਤ ਕੀਤੀ ਜਾਵੇਗੀ।

ਵਿਧਾਇਕ ਸਿੱਧੂ ਨੇ ਦੱਸਿਆ ਕਿ ਨਿੱਜੀ ਹਸਪਤਾਲਾਂ ਵਿੱਚ ਜਣੇਪੇ ਦੌਰਾਨ ਵੱਡੇ ਬਿੱਲ ਬਣਾ ਕੇ ਗਰੀਬ ਲੋਕਾਂ ਨਾਲ ਲੁੱਟ-ਖਸੁੱਟ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇੱਕ ਪਾਸੇ ਇਲਾਕਾ ਨਿਵਾਸੀਆਂ ਵੱਲੋਂ ਜਿੱਥੇ ਆਮ ਆਦਮੀ ਕਲੀਨਿਕਾਂ ਦਾ ਲਾਭ ਲਿਆ ਜਾ ਰਿਹਾ ਹੈ ਉੱਥੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਲਈ ਇਹ ਜੱਚਾ-ਬੱਚਾ ਕੇਂਦਰ ਵਰਦਾਨ ਸਿੱਧ ਹੋਵੇਗਾ ਜਿੱਥੇ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਵਿਧਾਇਕ ਕੁਲਵੰਤ ਸਿੰਘ ਨੇ ਦੁਹਰਾਇਆ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਸੂਬਾ ਵਾਸੀਆਂ ਨੂੰ ਸਿਹਤ, ਸਿੱਖਿਆ ਅਤੇ ਹੋਰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੈ।

# ਕਿਰਤੀਆਂ ਦੀ ਰਜਿਸਟ ?ਰੇਸ਼ਨ ਕਰਨ ਲਈ ਕਿਰਤ ਵਿਭਾਗ ਦੇ ਅਧਿਕਾਰੀ ਹਫਤੇ ਵਿਚ ਇਕ ਦਿਨ ਬਿਲਡਿੰਗ ਸਾਈਟ ਤੇ ਕੈਂਪ ਲਗਾਉਣ: ਅਨਮੋਲ ਗਗਨ ਮਾਨ



**ਚੰਡੀਗੜ੍ਹ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਿਰਤ ਮੰਤਰੀ ਅਨਮੋਲ ਗਗਨ ਮਾਨ ਨੇ ਅੱਜ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿਕਿਰਤੀਆਂ ਦੀ ਰਜਿਸਟ ?ਰੇਸ਼ਨ ਕਰਨ ਲਈ ਵਿਭਾਗ ਦੇ ਅਧਿਕਾਰੀ ਹਫਤੇ ਵਿਚ ਇਕ ਦਿਨ ਬਿਲਡਿੰਗ ਸਾਈਟ ਤੇ ਕੈਂਪ ਲਗਾਉਣ। ਉਹ ਅੱਜ ਇਥੇ ਕਿਰਤ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਸਾਰੀ ਕਿਰਤੀ ਸੂਬੇ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ ਅਤੇ ਸਰਕਾਰ ਵਲੋਂ ਜੋ ਸਕੀਮਾਂ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਭਲਾਈ ਲਈ ਚਲਾਈ ਜਾ ਰਹੀ ਹਨ ਉਨ੍ਹਾਂ ਦਾ ਲਾਭ ਉਸਾਰੀ ਕਿਰਤੀਆਂ ਨੂੰ ਵੱਧ ਤੋਂ ਵੱਧ ਮਿਲਣਾ ਚਾਹੀਦਾ ਹੈ। ਉਨ੍ਹਾਂ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਸਾਰੀ ਕਿਰਤੀ ਲਈ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਸੁਖਾਲੇ ਢੰਗ ਨਾਲ ਉਸਾਰੀ ਕਿਰਤੀਆਂ ਨੂੰ ਮਿਲਣਾਂ ਯਕੀਨੀ ਬਨਾਉਣ ਲਈ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਸਬੰਧੀ ਸ਼ਰਤਾਂ ਵਿਚ ਸੋਧ ਕੀਤੀ ਜਾਵੇ।

ਮੀਟਿੰਗ ਦੌਰਾਨ ਕਿਰਤ ਮੰਤਰੀ ਨੇ ਕਿਹਾ ਕਿ ਪੰਜਾਬ ਰਾਜ ਵਿੱਚ ਨਿਵੇਸ਼ ਕਰਨ ਦੇ ਇਛੁੱਕ ਨਿਵੇਸ਼ਕ ਪੰਜਾਬ ਰਾਜ ਵਿੱਚ ਲੋੜੀਂਦੇ ਸਕਲਿੰਡ ਕਾਮਿਆਂ ਦੀ ਘਾਟ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਏ ਹਨ। ਇਸ ਲਈ ਸਾਨੂੰ ਪੰਜਾਬ ਰਾਜ ਦੀ ਇੰਡਸਟਰੀ ਦੀ ਜ਼ਰੂਰਤ ਅਨੁਸਾਰ ਸਕਲਿੰਡ ਕਾਮਿਆਂ ਦੀ ਜ਼ਰੂਰਤ ਸਬੰਧੀ ਡੇਟਾ ਤਿਆਰ ਕਰਨਾ ਚਾਹੀਦਾ ਹੈ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਸਬੰਧੀ ਇਕ ਹਫਤੇ ਵਿਚ ਡੇਟਾ ਤਿਆਰ ਕਰਨ ਦੇ ਹੁਕਮ ਦਿੱਤੇ।

# 15,000 ਰੁਪਏ ਰਿਸ਼ਵਤ ਲੈਂਦਾ ਸਹਿਕਾਰੀ ਇੰਸਪੈਕਟਰ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ



**ਚੰਡੀਗੜ੍ਹ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੱਜ ਪਿੰਡ ਭੂਰਾ ਕੋਹਨਾ ਦੀ ਬਹੁ-ਮੰਤਵੀ ਸਹਿਕਾਰੀ ਸਭਾ ਵਿਖੇ ਸਕੱਤਰ ਵਜੋਂ ਤਾਇਨਾਤ ਸਹਿਕਾਰਤਾ ਵਿਭਾਗ ਦੇ ਇੰਸਪੈਕਟਰ ਗੁਰਿੰਦਰ ਸਿੰਘ ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਤਰਨਤਾਰਨ ਜ਼ਿਲ੍ਹੇ ਦੇ ਵਸਨੀਕ ਵਰਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਸਬੰਧਤ ਮੁਲਜ਼ਮ ਨੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਦੇ ਚੱਲਦਿਆਂ ਭੰਗ ਕੀਤੀ ਗਈ ਸਬੰਧਤ ਉਕਤ ਸਹਿਕਾਰੀ ਸਭਾ ਨੂੰ ਬਹਾਲ ਕਰਨ ਬਦਲੇ ਡੇਢ ਲੱਖ ਰੁਪਏ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਮੁਲਜ਼ਮ ਨੇ ਇਸ ਸਬੰਧ ਵਿੱਚ ਜੁਆਇੰਟ ਰਜਿਸਟਰਾਰ, ਸਹਿਕਾਰੀ ਸੁਸਾਇਟੀ ਜਲੰਧਰ ਨੂੰ ਮਿਲਣ ਦੇ ਬਹਾਨੇ ਉਸ ਤੋਂ 15,000 ਰੁਪਏ ਰਿਸ਼ਵਤ ਮੰਗੀ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਦੋਸ਼ੀ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਕਤ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

# ਜ਼ਿਲ੍ਹੇ ਵਿੱਚ ਜਨਤਕ ਥਾਵਾਂ 'ਤੇ ਅਸਲਾ, ਵਿਸਫੋਟਕ ਅਤੇ ਤੇਜ਼ਧਾਰ ਹਥਿਆਰ ਲੈ ਕੇ ਜਾਣ 'ਤੇ ਮਨਾਹੀ ਹੁਕਮ ਜਾਰੀ

**ਪਟਿਆਲਾ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਜ਼ਿਲ੍ਹੇ ਵਿੱਚ ਅਮਨ ਕਾਨੂੰਨ ਕਾਇਮ ਰੱਖਣ ਅਤੇ ਲੋਕ ਹਿਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਲਈ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਜਨਤਕ ਥਾਵਾਂ 'ਤੇ ਅਗਨ ਸ਼ਸ਼ਤਰ, ਅਸਲਾ, ਵਿਸਫੋਟਕ, ਜਲਣਸ਼ੀਲ, ਚੀਜ਼ਾਂ, ਤੇਜ਼ਧਾਰ ਹਥਿਆਰ ਜਿਵੇਂ ਕਿ ਟਕੂਏ, ਬਰਛੇ, ਤ੍ਰਿਸ਼ੂਲ ਆਦਿ ਸ਼ਾਮਲ ਹਨ, ਨੂੰ ਚੁੱਕਣ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਕਤੂਬਰ 2024 ਤੱਕ ਲਾਗੂ ਰਹਿਣਗੇ। ਇਹ ਹੁਕਮ ਦਿਵਿਆਂਗ/ਬਿਰਧ ਵਿਅਕਤੀ (ਜੋ ਬਿਨਾਂ ਡੰਡੇ ਲਾਠੀ ਦੇ ਸਹਾਰੇ ਤੋਂ ਚੱਲ ਨਹੀਂ ਸਕਦੇ) ਅਤੇ ਸੁਰੱਖਿਆ ਅਮਲੇ/ਡਿਊਟੀ 'ਤੇ ਤਾਇਨਾਤ ਪੁਲਿਸ ਅਮਲੇ 'ਤੇ ਲਾਗੂ ਨਹੀਂ ਹੋਵੇਗਾ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਅੰਦਰ ਅਣ ਅਧਿਕਾਰਤ ਤੌਰ ਤੇ ਪਸ਼ੂਆਂ ਦੇ ਸੀਮਨ ਦਾ ਭੰਡਾਰਣ ਕਰਨ/ਟਰਾਂਸਪੋਰਟੇਸ਼ਨ ਕਰਨ, ਵਰਤਣ ਜਾਂ ਵੇਚਣ 'ਤੇ ਪਾਬੰਦੀ ਲਗਾਈ ਹੈ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਵੱਖ-ਵੱਖ ਥਾਵਾਂ 'ਤੇ ਨਕਲੀ ਸੀਮਨ ਵਿਕਣ ਕਾਰਨ ਰਾਜ ਦੇ ਪਸ਼ੂ ਧਨ ਦੀ ਸੁਧਰੀ ਨਸਲ ਖਰਾਬ ਹੋਣ ਦਾ ਖਦਸ਼ਾ ਹੈ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਵਿਭਾਗ ਦੁਆਰਾ ਪਿਛਲੇ ਲੰਮੇ ਸਮੇਂ ਤੋਂ ਪਸ਼ੂਆਂ ਦੀ ਨਸਲ ਸੁਧਾਰ ਲਈ ਕੀਤੇ ਜਾਣ ਵਾਲੇ ਸਮੁੱਚੇ ਉਪਰਾਲੇ ਬੇਕਾਰ ਹੋ ਜਾਣਗੇ। ਪੰਜਾਬ ਰਾਜ ਵਿਚ ਵੱਖ-ਵੱਖ ਥਾਵਾਂ 'ਤੇ ਨਕਲੀ ਅਤੇ ਅਣ-ਅਧਿਕਾਰਤ ਸੀਮਨ ਵਿਕਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਇਸ ਮਨਾਹੀ ਦੇ ਹੁਕਮਾਂ ਅਨੁਸਾਰ ਅਣ ਅਧਿਕਾਰਤ ਤੌਰ 'ਤੇ ਵੇਚੇ/ਖਰੀਦੇ ਜਾ ਰਹੇ ਸੀਮਨ ਦੀ ਵਰਤੋਂ ਕਰਨਾ ਰਾਜ ਦੀ ਬਰੀਡਿੰਗ ਪਾਲਿਸੀ ਅਨੁਸਾਰ ਉਚਿਤ ਨਹੀਂ ਹੈ।

# ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਵਿੱਚ ਪਾ ਕੇ ਵੇਚਣ 'ਤੇ ਪਾਬੰਦੀ

**ਪਟਿਆਲਾ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ ਦੀ ਹੱਦ ਅੰਦਰ ਗੁਟਕਾ, ਪਾਨ ਮਸਾਲਾ ਅਤੇ ਖਾਣ-ਪੀਣ ਵਾਲੀਆਂ ਹੋਰ ਚੀਜਾਂ, ਜਿਨ੍ਹਾਂ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ ਜਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਖਾਣ-ਪੀਣ ਵਾਲੀਆਂ ਵਸਤਾਂ ਜਾਂ ਕਿਸੇ ਹੋਰ ਢੰਗ ਨਾਲ ਇਨ੍ਹਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਆਦਿ ਵਿੱਚ ਪਾ ਕੇ ਕਿਸੇ ਵੀ ਹੁੱਕਾ ਬਾਰ ਹੋਟਲ/ਰੈਸਟੋਰੈਂਟ ਆਦਿ ਵਿੱਚ ਆਉਣ ਵਾਲਿਆਂ ਨੂੰ ਵੇਚਣ/ਪਰੋਸਣ ਅਤੇ ਅਜਿਹੇ ਹੁੱਕਾ ਬਾਰ ਚਲਾਉਣ 'ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਇਹ ਹੁਕਮ 5 ਅਕਤੂਬਰ 2024 ਤੱਕ ਲਾਗੂ ਰਹਿਣਗੇ।

# ਰਾਜਿੰਦਰਾ ਹਸਪਤਾਲ ਪਟਿਆਲਾ ਦੀ ਸਮੂਹ ਸਟਾਫ ਨਰਸਾਂ ਨੇ ਆਪਣੇ ਹੱਕਾ ਦੀ ਲੜਾਈ ਲਈ ਨੈਸ਼ਨਲ ਸੰਗਰੂਰ ਹਾਈਵੇ ਬਲੋਕ ਕੀਤਾ



**ਪਟਿਆਲਾ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਰਾਜਿੰਦਰਾ ਹਸਪਤਾਲ ਪਟਿਆਲਾ ਦੀ ਸਮੂਹ ਸਟਾਫ ਨਰਸਾਂ ਨੇ ਆਪਣੇ ਹੱਕਾ ਦੀ ਲੜਾਈ ਲਈ ਨੈਸ਼ਨਲ ਸੰਗਰੂਰ ਹਾਈਵੇ ਬਲੋਕ ਕੀਤਾ। ਅਸੀ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਨਰਸਿੰਗ ਸਟਾਫ ਨੂੰ ਲੰਬੇ ਸਮੇਂ ਤੋਂ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉੱਚ ਅਧਿਕਾਰੀ ਸਾਨੂੰ ਨਾਨ-ਨਰਸਿੰਗ ਡਿਊਟੀਆਂ ਕਰਨ ਲਈ ਮਜਬੂਰ ਕਰ ਰਹੇ ਹਨ, ਜਿਵੇਂ ਕਿ ਓ.ਪੀ.ਡੀ ਕਾਊਂਟਰਾਂ ਤੇ ਮਰੀਜ਼ਾਂ ਦੀਆਂ ਪਰਚੀਆਂ ਕਟਨਾ, ਫਾਰਮੇਸੀ ਤੇ ਦਵਾਈਆਂ ਵੰਡਣਾ, ਲੈਬ, ਸੀਆਰ ਦਫ਼ਤਰ, ਜਨ ਔਸ਼ਦੀ, ਹੈਲਪ ਡੈਸਕ ਅਤੇ ਸਟੋਰ ਤੇ ਕੰਪਿਊਟਰ ਐਂਟਰੀਆ ਕਰਨਾ ਆਦਿ। ਅਸੀਂ ਕਈ ਵਾਰ ਆਪਣੀ ਮੰਗ-ਪੱਤਰ ਦੇ ਚੁੱਕੇ ਹਾਂ ਪਰ ਨਾਨ ਨਰਸਿੰਗ ਖੇਤਰਾਂ ਵਿੱਚ ਨਰਸਾਂ ਦੀ ਗਲਤ ਤਾਇਨਾਤੀ ਨੂੰ ਲੈ ਕੇ ਸਾਡੀ ਇਨਸਾਫ਼ ਦੀ ਮੰਗ ਵੱਲ ਕਿਸੇ ਵਲੋਂ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ।

# ਜਲਦੀ ਹੀ ਈਟੀਟੀ 2364 ਨੂੰ ਨਿਯੁਕਤੀ ਪੱਤਰ ਜਾਰੀ ਕਰੇ

**ਬਠਿੰਡਾ,11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਈਟੀਟੀ 2364 ਬੇਰੁਜ਼ਗਾਰ ਅਧਿਆਪਕ ਕਾਫੀ ਸਮੇਂ ਤੋਂ ਨਿਯੁਕਤੀ ਪੱਤਰਾਂ ਦੀ ਉਡੀਕ ਕਰ ਰਹੇ ਹਨ, ਪਰ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਉਹਨਾਂ ਨੂੰ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਮਿਲਿਆ। ਜਿਸ ਤੇ ਰੋਸ ਪ੍ਰਗਟ ਕਰਦਿਆਂ ਯੂਨੀਅਨ ਆਗੂ ਹਰਜੀਤ ਸਿੰਘ ਬੁਢਲਾਡਾ ਤੇ ? ਗੁਰਸੇਵ ਸਿੰਘ ਸੰਗਰੂਰ ਵੱਲੋਂ ਸਰਕਾਰ ਦਾ ਭੰਡੀ ਪ੍ਰਚਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਜੇਕਰ ਮਾਨ ਸਰਕਾਰ ਜਲਦੀ ਈਟੀਟੀ 2364 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਨਹੀਂ ਕਰਦੀ ਤਾਂ ਉਹ ਆਉਣ ਵਾਲੀ 15 ਅਗਸਤ ਨੂੰ ਹਰ ਜਿਲ੍ਹੇ ਵਿੱਚ ਕਾਲੀਆਂ ਝੰਡੀਆਂ ਨਾਲ ਸਰਕਾਰ ਦਾ ਤਿੱਖਾ ਵਿਰੋਧ ਕਰਨਗੇ। ਯੂਨੀਅਨ ਆਗੂਆਂ ਵੱਲੋਂ ਇਹ ਵੀ ਕਿਹਾ ਗਿਆ ਕਿ ਦੂਸਰੀਆਂ ਸਰਕਾਰਾਂ ਤੋਂ ਤੰਗ ਆ ਕੇ ਹੀ ਅਸੀਂ ਮਾਨ ਸਰਕਾਰ ਨੂੰ ਸਤਾ ਵਿੱਚ ਲੈ ਕੇ ਆਏ ਸੀ ਅਤੇ ਸਤਾ ਵਿੱਚ ਆਉਣ ਤੋਂ ਪਹਿਲਾਂ ਮਾਨ ਸਾਬ ਨੇ ਬੇਰੁਜ਼ਗਾਰ ਸਾਥੀਆਂ ਨਾਲ ਵਾਅਦਾ ਕੀਤਾ ਸੀ ਕਿ ਸਾਡਾ ਹਰਾ ਪੈੱਨ ਤੁਹਾਡੇ ਹੱਕ ਵਿੱਚ ਚੱਲੇਗਾ ਪਰ ਉਸ ਹਰੇ ਪੈੱਨ ਦੀ ਉਡੀਕ ਸਾਡੇ ਈਟੀਟੀ 2364 ਅਧਿਆਪਕ ਸਾਥੀ ਪਿਛਲੇ ਲੰਮੇ ਸਮੇਂ ਤੋਂ ਕਰ ਰਹੇ ਨੇ।

# ਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਬੂਟੇ ਲਗਾਉਣ ਦੀ ਲੋੜ: ਪ੍ਰਿੰਸੀਪਲ ਪਰਮੇਲ ਕੌਰ ਸਿੱਧੂ



**ਜ਼ੀਰਾ ,11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਵੱਡੇ-ਵੱਡੇ ਹਾਈਵੇ ਬਣਨ ਕਾਰਨ ਜਿੱਥੇ ਦਰੱਖਤਾਂ ਦੀ ਵੱਡੇ ਪੱਧਰ ਤੇ ਕਟਾਈ ਹੋਈ ਹੈ ਉੱਥੇ ਅਸੀਂ ਵੱਢੇ ਗਏ ਦਰੱਖਤਾਂ ਦਾ ਚੌਥਾ ਹਿੱਸਾ ਵੀ ਨਹੀਂ ਲਗਾ ਸਕੇ । ਜਿਸ ਕਾਰਨ ਸਾਡਾ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ ਅਤੇ ਮੌਸਮ ਦਾ ਮਿਜਾਜ਼ ਦਿਨੋ ਦਿਨ ਵਿਗੜਦਾ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਬਲਿਕ ਸਕੂਲ ਲਹਿਰਾ ਰੋਹੀ ( ਜ਼ੀਰਾ ) ਦੀ ਪ੍ਰਿੰਸੀਪਲ ਸ਼੍ਰੀਮਤੀ ਪਰਮੇਲ ਕੌਰ ਸਿੱਧੂ ਨੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਕਿਹਾ ਕਿ ਸਾਡੇ ਵੱਲੋਂ ਲਗਾਏ ਜਾ ਰਹੇ ਬੂਟਿਆਂ ਦੀ ਸਾਂਭ ਸੰਭਾਲ ਨਾ ਹੋਣ ਕਾਰਨ ਉਹਨਾਂ ਵਿੱਚੋਂ ਵੀ ਬਹੁਤੇ ਬੂਟੇ ਦਰੱਖਤ ਨਹੀਂ ਬਣ ਪਾਉਂਦੇ, ਦਰੱਖਤਾਂ ਦੀ ਘਾਟ ਕਾਰਨ ਮੌਸਮ ਬੁਰੀ ਤਰ੍ਹਾਂ ਵਿਗੜ ਰਿਹਾ ਹੈ । ਅਸੀਂ ਦੇਖ ਹੀ ਰਹੇ ਹਾਂ ਕਿ ਦੇਸ਼ ਵਿੱਚ ਕਿਤੇ ਹੜ੍ਹ ਆਏ ਹੋਏ ਹਨ ਅਤੇ ਕਿਤੇ ਲੋਕ ਸੋਕੇ ਦਾ ਸ਼ਿਕਾਰ ਹੋ ਰਹੇ ਹਨ। ਪ੍ਰਿੰਸੀਪਲ ਪਰਮੇਲ ਕੌਰ ਸਿੱਧੂ ਨੇ ਕਿਹਾ ਕਿ ਦਰੱਖਤਾਂ ਦੀ ਘਾਟ ਕਾਰਨ ਵਾਤਾਵਰਨ ਦੂਸ਼ਿਤ ਹੋਣ ਦੇ ਨਾਲ ਲੋਕ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਹੇ ਹਨ। ਮੈਡਮ ਪਰਮੇਲ ਕੌਰ ਸਿੱਧੂ ਨੇ ਅੱਗੇ ਕਿਹਾ ਕਿ ਇੱਕ ਪਾਸੇ ਸਾਡੇ ਸੂਬੇ ਪੰਜਾਬ ਵਿੱਚ ਦਰੱਖਤਾਂ ਦੀ ਗਿਣਤੀ ਘੱਟ ਰਹੀ ਹੈ, ਦੂਸਰੇ ਪਾਸੇ ਸਾਡਾ ਪਾਣੀ ਵੀ ਦਿਨੋ ਦਿਨ ਘੱਟ ਰਿਹਾ ਹੈ । ਉਹਨਾਂ ਕਿਹਾ ਕਿ ਹਰ ਸਾਲ ਪਾਣੀ ਦਾ ਲੈਵਲ 10 ਤੋਂ 15 ਫੁੱਟ ਹੇਠਾਂ ਜਾ ਰਿਹਾ ਹੈ, ਇਸ ਸਾਲ ਔੜ ਲੱਗਣ ਕਾਰਨ ਸਾਡੇ ਖੇਤਾਂ ਅਤੇ ਘਰਾਂ ਵਿੱਚ ਲੱਗੀਆਂ ਜਿਆਦਾਤਰ ਸਮਬਰਸੀਬਲ ( ਮੱਛੀ ) ਮੋਟਰਾਂ ਨੇ ਪਾਣੀ ਛੱਡਿਆ ਹੈ, ਜਿਸ ਕਾਰਨ ਲੋਕਾਂ ਨੂੰ ਨਵੀਆਂ ਮੋਟਰਾਂ ਦੇ ਨਾਲ ਬੋਰਵੈਲਾਂ ਵਿੱਚੋਂ ਪਾਣੀ ਲੈਣ ਲਈ ਮੋਟਰਾਂ ਦੀਆਂ ਡਿਲਿਵਰੀ ਪਾਈਪਾ ਲੰਬੀਆ ਕਰਨ ਲਈ 30-30 ਫੁੱਟ ਦੇ ਟੋਟੇ ਪਾਉਣੇ ਪਏ ਹਨ ।

ਮੈਡਮ ਸਿੱਧੂ ਨੇ ਕਿਹਾ ਕਿ ਇਸ ਸੱਭ ਦੇ ਲਈ ਅਸੀਂ ਖੁਦ ਜੁੰਮੇਵਾਰ ਹਾਂ । ਸਾਡੇ ਵੱਲੋਂ ਵੀ ਬਿਨ ਵਜ੍ਹਾ ਪਾਣੀ ਦੀ ਬਰਬਾਦੀ ਕੀਤੀ ਜਾ ਰਹੀ ਹੈ । ਕਿਸਾਨਾਂ ਵੱਲੋਂ ਵੱਧ ਪਾਣੀ ਪੀਣ ਵਾਲੀ ਝੋਨੇ ਦੀ ਫਸਲ ਨੂੰ ਹੀ ਮੁੱਖ ਰੱਖਿਆ ਹੋਇਆ ਹੈ ਅਤੇ ਬਾਕੀ ਕਸਰ ਅਸੀਂ ਪਾਣੀ ਦੇਣ ਵਾਲੀਆਂ ਟੂਟੀਆ ਬਿਨਾਂ ਲੋੜ ਤੋਂ ਚਲਾ ਕੇ ਅਤੇ ਘਰਾਂ ਦੀਆਂ ਫਰਸ਼ਾਂ ਧੋਣ ਅਤੇ ਗੱਡੀਆਂ ਅਤੇ ਹੋਰ ਵਹੀਕਲ ਧੋਣ ਸਮੇਂ ਪਾਣੀ ਡੋਲ ਰਹੇ ਹਾਂ ।

# ਖੇਤੀਬਾੜੀ ਵਿਭਾਗ ਬਲਾਕ ਮਹਿਲ ਕਲਾਂ ਵੱਲੋਂ ਪਰਾਲੀ ਨਾ ਸਾੜਨ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ

**ਮਹਿਲ ਕਲਾਂ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਲਾਕ ਮਹਿਲ ਕਲਾਂ ਵੱਲੋਂ ਡਿਪਟੀ ਕਮਿਸ਼ਨਰ, ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ, ਐਸ.ਡੀ.ਐਮ. ਮਹਿਲ ਕਲਾਂ ਸ਼੍ਰੀ ਸਤਵੰਤ ਸਿੰਘ ਅਤੇ ਮੁੱਖ ਖੇਤੀਬਾੜੀ ਅਫ਼ਸਰ,ਬਰਨਾਲਾ ਡਾ. ਜਗਦੀਸ਼ ਸਿੰਘ ਦੇ ਦਿਸ਼ਾ- ਨਿਰਦੇਸ਼ਾਂ ਤਹਿਤ ਅੱਜ ਪਿੰਡ ਗੰਗਹੋਰ ਦੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ- ਸੰਭਾਲ ਸਬੰਧੀ ਜਾਗਰੂਕ ਕੀਤਾ ਗਿਆ।

ਇਸ ਕੈਂਪ ਵਿੱਚ ਸਨਵਿੰਦਰਪਾਲ ਸਿੰਘ ਬਰਾੜ ਬਲਾਕ ਤਕਨੀਕੀ ਮੈਨਜ਼ਰ, ਮਹਿਲ ਕਲਾਂ ਨੇ ਕਿਸਾਨਾਂ ਨੂੰ ਕਿਹਾ ਕਿ ਜਿੱਥੇ ਅਸੀਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰ ਰਹੇ ਹਾਂ, ਉੱਥੇ ਧਰਤੀ ਦੀ ਉਪਜਾਊ ਸ਼ਕਤੀ ਅਤੇ ਮਿੱਤਰ ਕੀੜੇ ਵੀ ਮਾਰ ਰਹੇ ਹਾਂ। ਉਹਨਾਂਕਿਹਾ ਕਿ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਵਾਹ ਕੇ ਨਵੀਆਂ ਤਕਨੀਕਾਂ (ਹੈਪੀ ਸੀਡਰ, ਸੁਪਰ ਸੀਡਰ, ਸਰਫੇਸ ਸੀਡਰ ਆਦਿ) ਨਾਲ ਹੀ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਲਈ ਸ਼ੁੱਧ ਵਾਤਾਵਰਨ ਪ੍ਰਦਾਨ ਕੀਤਾ ਜਾ ਸਕੇ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਖੇਤ ਦੀ ਪਰਾਲੀ ਨੂੰ ਬੇਲਰ ਰਾਹੀਂ ਗੰਢਾਂ ਬਣਾ ਕੇ ਜਾਂ ਤੂੜੀ ਬਣਾ ਕੇ ਵਪਾਰੀਆਂ ਨੂੰ ਵੇਚ ਸਕਦੇ ਹਨ। ਜੇਕਰ ਅਸੀਂ ਪਿੰਡ ਪੱਧਰ ਤੋਂ ਹੀ ਅੱਗ ਨਾ ਲਗਾਉਣ ਦੇ ਉਪਰਾਲੇ ਸ਼ੁਰੂ ਕਰਾਂਗੇ ਤਾਂ ਹੀ ਸਾਡਾ ਸਾਰਾ ਪੰਜਾਬ ਪ੍ਰਦੂਸ਼ਣ ਮੁਕਤ ਹੋ ਸਕੇਗਾ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤੀ ਮਾਹਿਰਾਂ ਦੀ ਸਲਾਹ ਅਨੁਸਾਰ ਹੀ ਸਿਫ਼ਾਰਸ਼ ਕੀਤੀਆਂ ਕਿਸਮਾਂ ਅਤੇ ਦਵਾਈਆਂ ਦਾ ਸੁਚੱਜਾ ਪ੍ਰਯੋਗ ਕੀਤਾ ਜਾਵੇ ਤਾਂ ਜੋ ਕਿਸਾਨ ਦੇ ਖੇਤੀ ਖਰਚੇ ਘੱਟ ਸਕਣ।

ਇਸ ਕੈਂਪ ਦੌਰਾਨ ਸ੍ਰੀ ਹਰਪਾਲ ਸਿੰਘ ਖੇਤੀਬਾੜੀ ਉਪ ਨਿਰੀਖਕ ਨੇ ਕਿਸਾਨਾਂ ਨੂੰ ਹਾੜ੍ਹੀ ਦੀਆਂ ਫ਼ਸਲਾਂ ਦੀ ਕਾਸ਼ਤ ਅਤੇ ਪਰਾਲੀ ਦੇ ਪ੍ਰਬੰਧਨ ਸਬੰਧੀ ਆਪਣੇ ਵਿਚਾਰ ਕਿਸਾਨਾਂ ਨਾਲ ਸਾਂਝੇ ਕੀਤੇ ਅਤੇ ਉਹਨਾਂ ਕਿਹਾ ਕਿ ਵਿਭਾਗ ਵੱਲੋਂ ਸੀ.ਆਰ.ਐਮ. ਸਕੀਮ ਅਧੀਨ ਕਿਸਾਨਾਂ ਨੂੰ ਸਬਸਿਡੀ ਉੱਪਰ ਪਰਾਲੀ ਸਾਂਭਣ ਵਾਲੀਆਂ ਵੱਖ- ਵੱਖ ਮਸ਼ੀਨਾਂ ਦਿੱਤੀਆਂ ਜਾਂਦੀਆਂ ਹਨ, ਜਿਹਨਾਂ ਦਾ ਕਿਸਾਨ ਭਰਪੂਰ ਲਾਭ ਲੈ ਸਕਦੇ ਹਨ। ਇਸ ਮੌਕੇ ਉੱਪਰ ਸ੍ਰੀ ਕੁਲਵੀਰ ਸਿੰਘ ਏ.ਟੀ.ਐਮ. ਨੇ ਸਟੇਜ ਦਾ ਸੰਚਾਲਣ ਕੀਤਾ। ਇਸ ਮੌਕੇ ਸ੍ਰੀ ਜੈਦੀਪ ਸਿੰਘ ਨੇ ਕਿਸਾਨਾਂ ਨੂੰ ਆਰਜੀ ਆਰ ਸੈਲ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣੂ ਕਰਵਾਇਆ।

## ਸੰਪਾਦਕੀ

# ਜਾਇਦਾਦ ਲਾਭ ਟੈਕਸ ਦਾ ਰੇੜਕਾ

ਜਾਇਦਾਦ ਦੀ ਵਿਕਰੀ ’ਤੇ ਲੰਮੇ ਮਿਆਦੀ ਪੂੰਜੀ ਲਾਭਾਂ (ਐੱਲਟੀਸੀਜੀ) ਉੱਪਰ ਇੰਡੈਕਸੇਸ਼ਨ (ਸੂਚੀਕਰਨ) ਲਾਭ ਬਹਾਲ ਕਰਨ ਦੇ ਸਰਕਾਰ ਦੇ ਫ਼ੈਸਲੇ ਪਿੱਛੇ ਲੋਕਾਂ ਦੇ ਰੋਸ ਦੇ ਸਨਮੁੱਖ ਵਿਹਾਰਕ ਸੂਝ-ਬੂਝ ਦਾ ਪਲੜਾ ਭਾਰੂ ਪਿਆ ਜਾਪਦਾ ਹੈ। ਕੇਂਦਰ ਸਰਕਾਰ ਦੇ 2024-25 ਦੇ ਬਜਟ ਵਿੱਚ ਇਹ ਪ੍ਰਸਤਾਵ ਦਿੱਤਾ ਗਿਆ ਸੀ ਕਿ ਐੱਲਟੀਸੀਜੀ ਟੈਕਸ ਦਰ ਘਟਾ ਕੇ 12.5 ਫ਼ੀਸਦੀ ਕੀਤਾ ਜਾਵੇ ਅਤੇ ਨਾਲ ਹੀ ਸੂਚੀਕਰਨ ਲਾਭ ਖ਼ਤਮ ਕਰ ਦਿੱਤਾ ਜਾਵੇ ਤਾਂ ਕਿ ਟੈਕਸ ਪ੍ਰਣਾਲੀ ਸਰਲ ਕੀਤੀ ਜਾ ਸਕੇ।

ਬਹਰਹਾਲ, ਸਰਕਾਰ ਇਹ ਹਿਸਾਬ-ਕਿਤਾਬ ਨਾ ਲਾ ਸਕੀ ਕਿ ਇਸ ਨਾਲ ਸੰਪਤੀ ਮਾਲਕਾਂ ਖ਼ਾਸਕਰ ਉਨ੍ਹਾਂ ਜਿਨ੍ਹਾਂ ਨੇ ਲੰਮੇ ਅਰਸੇ ਲਈ ਅਸਾਸੇ ਬਣਾ ਕੇ ਰੱਖੇ ਹੋਏ ਹਨ, ਉਨ੍ਹਾਂ ’ਤੇ ਇਸ ਕਦਮ ਦਾ ਕਿਹੋ ਜਿਹਾ ਵਿੱਤੀ ਅਸਰ ਪੈ ਸਕਦਾ ਹੈ। ਸੂਚੀਕਰਨ ਤਹਿਤ ਕਿਸੇ ਅਸਾਸੇ ਦੇ ਖਰੀਦ ਮੁੱਲ ਦਾ ਮਹਿੰਗਾਈ ਦਰ ਨਾਲ ਮਿਲਾਣ ਕਰ ਕੇ ਇਹ ਹਿਸਾਬ ਲਾਇਆ ਜਾਂਦਾ ਹੈ ਕਿ ਮਾਮੂਲੀ ਜਿਹੇ ਲਾਭ ਬਦਲੇ ਉਸ ’ਤੇ ਬਹੁਤਾ ਜਿ ?ਆਦਾ ਟੈਕਸ ਦਾ ਬੋਝ ਨਾ ਪਾਇਆ ਜਾ ਸਕੇ। ਇਸ ਦੀ ਅਣਹੋਂਦ ਵਿੱਚ ਸੰਪਤੀ ਮਾਲਕ ਉੱਪਰ ਟੈਕਸ ਬੋਝ ਬਹੁਤ ਜਿ ?ਆਦਾ ਵਧ ਸਕਦਾ ਹੈ ਅਤੇ ਉਸ ਦੇ ਲਾਭ ਦੀ ਅਸਲ ਕੀਮਤ ਦਾ ਗ਼ਲਤ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਸਰਕਾਰ ਦੇ ਰੁਖ਼ ਵਿੱਚ ਹੁਣ ਤਬਦੀਲੀ ਆਈ ਹੈ ਅਤੇ ਇਹ ਬਦਲ ਦਿੱਤਾ ਜਾ ਰਿਹਾ ਹੈ ਕਿ 23 ਜੁਲਾਈ 2024 ਤੋਂ ਪਹਿਲਾਂ ਹਾਸਿਲ ਕੀਤੀਆਂ ਸੰਪਤੀਆਂ ਦੇ ਸਬੰਧ ਵਿੱਚ ਸੂਚੀਕਰਨ ਲਾਭ ਦੇ ਨਾਲ 20 ਫ਼ੀਸਦੀ ਐੱਲਟੀਸੀਜੀ ਟੈਕਸ ਅਦਾ ਕੀਤਾ ਜਾਵੇ ਜਾਂ ਇਸ ਤੋਂ ਬਗ਼ੈਰ 12.5 ਫ਼ੀਸਦੀ ਟੈਕਸ ਦਿੱਤਾ ਜਾਵੇ। ਇਸ ਲਚਕੀਲੇ ਰਵੱਈਏ ਨਾਲ ਫੌਰੀ ਸਰੋਕਾਰ ਹੱਲ ਹੋਣ ਦੇ ਆਸਾਰ ਹਨ ਪਰ ਇਸ ਤੋਂ ਟੈਕਸ ਨੀਤੀ ਬਾਰੇ ਵਧੇਰੇ ਵਿਚਾਰਸ਼ੀਲ ਪਹੁੰਚ ਅਪਣਾਉਣ ਦੀ ਲੋੜ ਸਾਹਮਣੇ ਆਈ ਹੈ। ਉਂਝ, ਇਸ ਸਮਾਂ ਸੀਮਾ ਤੋਂ ਬਾਅਦ ਖਰੀਦੀਆਂ ਸੰਪਤੀਆਂ ਲਈ ਸਿਰਫ਼ 12.5 ਫ਼ੀਸਦੀ ਟੈਕਸ ਦਰ ਹੀ ਲਾਗੂ ਹੋਵੇਗਾ ਜਿਸ ਵਿੱਚ ਸੂਚੀਕਰਨ ਲਾਭ ਨਹੀਂ ਮਿਲਣਗੇ। ਇਸ ਤੋਂ ਸੰਕੇਤ ਮਿਲਦਾ ਹੈ ਕਿ ਸਰਕਾਰ ਆਪਣੇ ਮੂਲ ਉਦੇਸ਼ਾਂ ਪ੍ਰਤੀ ਦ੍ਰਿੜ ਹੈ ਅਤੇ ਭਵਿੱਖੀ ਲੈਣ ਦੇਣ ਲਈ ਅਗਾਂਹਵਧੂ ਟੈਕਸ ਰਣਨੀਤੀ ਹੀ ਅਪਣਾਈ ਜਾਵੇਗੀ।

ਸੂਚੀਕਰਨ ਲਾਭ ਬਹਾਲ ਹੋਣ ਨਾਲ ਕਈ ਲੋਕਾਂ ਲਈ ਹਾਲਾਂਕਿ ਰਾਹਤ ਦੀ ਗੱਲ ਹੈ ਪਰ ਅਜੇ ਵੀ ਕਈ ਸਰੋਕਾਰ ਜਿਉਂ ਦੇ ਤਿਉਂ ਖੜ੍ਹੇ ਹਨ। ਇਹ ਖ਼ਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਨਵੀਂ ਟੈਕਸ ਪ੍ਰਣਾਲੀ ਕਰ ਕੇ ਬੇਨਾਮੀ ਸੌਦਿਆਂ ਨੂੰ ਹਵਾ ਮਿਲ ਸਕਦੀ ਹੈ ਕਿਉਂਕਿ ਨਿਵੇਸ਼ਕ ਆਪਣੀਆਂ ਸੰਪਤੀਆਂ ਜਿ ?ਆਦਾ ਲੰਮੇ ਸਮੇਂ ਤੱਕ ਕਾਇਮ ਨਹੀਂ ਰੱਖਣਾ ਚਾਹੁਣਗੇ। ਇਸ ਲਈ ਇਸ ਨੀਤੀ ਦੀ ਸਮੀਖਿਆ ਕਰਨ ਦੀ ਲੋੜ ਹੈ ਅਤੇ ਇਸ ਨੂੰ ਸੁਲਝੇ ਹੋਏ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ। ਸਰਕਾਰ ਨੇ ਜਿਹੜੀ ਤਬਦੀਲੀ ਲਿਆਂਦੀ ਹੈ, ਉਹ ਵੀ ਸਮੀਖਿਆ ਦੀ ਲੋੜ ਦਰਸਾਉਂਦੀ ਹੈ ਤਾਂ ਕਿ ਆਰਥਿਕ ਨੇਮਾਂ ਅਤੇ ਲੋਕਾਂ ਦੀਆਂ ਭਾਵਨਾਵਾਂ ਦੋਵਾਂ ਨੂੰ ਧਿਆਨ ਵਿੱਚ ਰੱਖਿਆ ਜਾ ਸਕੇ।

# ਜਿੱਤ ਕੇ ਵੀ ਹਾਰੀ ਵਿਨੇਸ਼

ਵਿਨੇਸ਼ ਫੋਗਾਟ ਜਾਂ ਸਫਲਤਾ ਦੀਆਂ ਕਹਾਣੀਆਂ ਦੇ ਸੋਕੇ ਮਾਰੇ ਇਸ ਮੁਲਕ ਦੇ ਹੱਥ ਵਿੱਚ ਓਲੰਪਿਕਸ ਦਾ ਸੋਨ ਤਗ਼ਮਾ ਆਉਂਦਾ-ਆਉਂਦਾ ਰਹਿ ਗਿਆ ਹੈ ਜਿਸ ਕਰ ਕੇ 1 ਅਰਬ 40 ਕਰੋੜ ਲੋਕਾਂ ਦੇ ਦਿਲ ਟੁੱਟ ਗਏ ਹਨ। ਕੁਝ ਘੰਟਿਆਂ ਵਿੱਚ ਹੀ ਉਤਸ਼ਾਹ ਵਾਲਾ ਮਾਹੌਲ ਅਕਹਿ ਪੀੜ ਵਿੱਚ ਬਦਲ ਗਿਆ ਜਿਸ ਦੀ ਮਿਸਾਲ ਦੂਰ-ਦੂਰ ਤੱਕ ਦਿਖਾਈ ਨਹੀਂ ਪੈਂਦੀ। ਫਿਰ ਵੀ ਤਗ਼ਮਾ ਮਿਲਿਆ ਜਾਂ ਨਹੀਂ ਪਰ ਵਿਨੇਸ਼ ਫੋਗਾਟ ਨੇ ਜਿਵੇਂ ਇੱਕੋ ਦਿਨ ਵਿੱਚ ਤਿੰਨ ਮੁਕਾਬਲੇ ਜਿੱਤ ਕੇ ਖ਼ਾਸਕਰ ਮੌਜੂਦਾ ਚੈਂਪੀਅਨ ਯੂਈ ਸੁਸਾਕੀ ਨੂੰ ਹਰਾ ਕੇ ਜੋ ਕਾਰਨਾਮਾ ਕਰ ਦਿਖਾਇਆ ਹੈ, ਉਸ ਨੂੰ ਭੁਲਾਇਆ ਨਹੀਂ ਜਾ ਸਕਦਾ। ਜਦੋਂ ਓਲੰਪਿਕ ਸੋਨ ਤਗਮਾ ਜੇਤੂ ਅਭਿਨਵ ਬਿੰਦਰਾ ਤੁਹਾਨੂੰ ‘ਚੈਂਪੀਅਨਾਂ ਦੀ ਚੈਂਪੀਅਨ’ ਕਰਾਰ ਦਿੰਦਾ ਹੈ ਤਾਂ ਹਰ ਕੋਈ ਇਹੀ ਕਹਿ ਰਿਹਾ ਹੈ ਤਾਂ ਇੱਕ ਲੇਖੇ ਤੁਸੀਂ ਜਿੱਤ ਚੁੱਕੇ ਹੁੰਦੇ ਹੋ।

ਸੈਮੀਫਾਈਨਲ ਵਿੱਚ ਆਪਣੀ ਜਿੱਤ ਤੋਂ ਬਾਅਦ ਵਿਨੇਸ਼ ਨੂੰ ਪਲ ਦਾ ਵੀ ਆਰਾਮ ਨਹੀਂ ਮਿਲ ਸਕਿਆ। ਉਸ ਨੇ ਅਤੇ ਉਸ ਦੇ ਸਹਾਇਕ ਸਟਾਫ ਨੇ ਫ਼ੈਸਲਾਕੁਨ ਪਲ ਲਈ ਉਸ ਦਾ ਸਹੀ ਵਜ਼ਨ ਬਣਾਉਣ ਲਈ ਬਹੁਤ ਔਖੀ ਲੜਾਈ ਲੜੀ। ਸਾਰੀ ਰਾਤ ਉਹ ਸੌਂ ਨਾ ਸਕੀ ਅਤੇ ਭੁੱਖ ਨਾਲ ਲੜਦੀ ਰਹੀ ਪਰ ਅਖ਼ੀਰ ਨੂੰ ਉਹ ਹਾਰ ਗਈ ਤੇ ਇਹ ਮਹਿਜ਼ 100 ਗ੍ਰਾਮ ਦਾ ਸਵਾਲ ਟਨਾਂ ਤੋਂ ਭਾਰੀ ਬਣ ਗਿਆ।

ਵਿਨੇਸ਼ ਨੂੰ ਭਾਵੇਂ ਜ਼ਿਆਦਾ ਵਜ਼ਨ ਹੋਣ ਕਰ ਕੇ ਅਯੋਗ ਕਰਾਰ ਦੇ ਦਿੱਤਾ ਗਿਆ ਪਰ ਉਸ ’ਤੇ ਕੋਈ ਉਂਗਲ ਨਹੀਂ ਚੁੱਕ ਸਕਦਾ ਅਤੇ ਇਹੀ ਉਸ ਦੀ ਪ੍ਰੇਰਨਾਦਾਇਕ ਕਹਾਣੀ ਦਾ ਸਾਰ ਹੈ। ਉਹ ਪੈਰਿਸ ਓਲੰਪਿਕਸ ਵਿੱਚ ਅਜੇਤੂ ਰਹੀ ਅਤੇ ਆਪਣਾ ਸਿਰ ਮਾਣ ਨਾਲ ਚੁੱਕ ਕੇ ਵਾਪਸ ਆਵੇਗੀ।

ਉਸ ਦੇ ਹੁਨਰ, ਜਜ਼ਬੇ ਅਤੇ ਤਾਕਤ ਦੀ ਕਹਾਣੀ ਵਾਰ-ਵਾਰ ਸੁਣਾਈ ਜਾਂਦੀ ਰਹੇਗੀ। ਉਸ ਨੇ ਬਾਹੂਬਲੀ ਸਿਆਸਤਦਾਨ ਦਾ ਟਾਕਰਾ ਕੀਤਾ ਸੀ ਜੋ ਸੱਤਾ ਦੀ ਆੜ ਹੇਠ ਮਹਿਲਾ ਭਲਵਾਨਾਂ ਦੀ ਇੱਜ਼ਤ ਆਬਰੂ ਨਾਲ ਖਿਲਵਾੜ ਕਰ ਰਿਹਾ ਸੀ। ਇਸ ਤਰ੍ਹਾਂ ਦੀ ਲੜਾਈ ਲਈ ਤੁਹਾਡੇ ਅੰਦਰ ਅੰਤਾਂ ਦਾ ਇਖ਼ਲਾਕੀ ਬਲ ਲੋੜੀਂਦਾ ਹੈ। ਵਿਨੇਸ਼ ਨੇ ਜੰਤਰ-ਮੰਤਰ ’ਤੇ ਸਪਸ਼ਟ ਕਰ ਦਿੱਤਾ ਸੀ ਕਿ ਇਸ ਸੰਘਰਸ਼ ਵਿੱਚ ਸ਼ਾਮਿਲ ਹੋਣ ਦਾ ਉਸ ਦਾ ਇੱਕੋ ਮੰਤਵ ਹੈ: ਆਉਣ ਵਾਲੀਆਂ ਮਹਿਲਾ ਭਲਵਾਨਾਂ ਦੀ ਸੁਰੱਖਿਆ ਯਕੀਨੀ ਬਣਾਉਣੀ। ਉਹ ਲੜਾਈ ਅਜੇ ਜਾਰੀ ਹੈ ਅਤੇ ਅਸੀਂ ਜਾਣਦੇ ਹਾਂ ਕਿ ਜਦੋਂ ਤੱਕ ਇਨਸਾਫ਼ ਨਹੀਂ ਮਿਲ ਜਾਂਦਾ, ਉਦੋਂ ਤੱਕ ਉਹ ਚੈਨ ਨਾਲ ਨਹੀਂ ਬੈਠੇਗੀ। ਇਸ ਮਾਮਲੇ ਵਿਚ ਵੀ ਉਸ ਦੀ ਲੜਾਈ ਮਿਸਾਲੀ ਸੀ।

ਭਲਵਾਨੀ ਦਾ ਮੈਟ ਹੋਵੇ ਜਾਂ ਅੰਦੋਲਨ ਦਾ ਮੈਦਾਨ, ਵਿਨੇਸ਼ ਕਦੇ ਵੀ ਪਿਛਾਂਹ ਹਟਣਾ ਨਹੀਂ ਜਾਣਦੀ ਜਿਸ ਕਰ ਕੇ ਹਰ ਭਾਰਤੀ ਉਸ ਨੂੰ ਸਲਾਮ ਕਰਦਾ ਹੈ। ਉਂਝ, ਉਸ ਦੀ ਇਸ ਗੱਲ ਵੱਲ ਤਵੱਜੋ ਦੇਣ ਦੀ ਬੇਹੱਦ ਜ਼ਰੂਰਤ ਹੈ ਜਿਸ ਵਿਚ ਉਸ ਨੇ ਕੁਝ ਮਹੀਨੇ ਪਹਿਲਾਂ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਸ ਦੀ ਆਪਣੀ ਹੀ ਫੈਡਰੇਸ਼ਨ ਉਸ ਨੂੰ ਖੇਡਣ ਤੋਂ ਰੋਕਣ ਲਈ ਕੋਈ ਵੀ ਸਾਜ਼ਿਸ਼ ਰਚ ਸਕਦੀ ਹੈ। ਇਸ ਲਈ ਇਸ ਸਮੁੱਚੇ ਮਾਮਲੇ ਦੀ ਹਰ ਪਰਤ ਫਰੋਲਣੀ ਚਾਹੀਦੀ ਹੈ। ਨਾਲੇ ਇਹ ਇਕੱਲੀ ਵਿਨੇਸ਼ ਫੋਗਾਟ ਨਾਲ ਜੁੜਿਆ ਮਾਮਲਾ ਨਹੀਂ; ਇਸ ਦਾ ਸਬੰਧ ਮੁਲਕ ਦੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਹੈ, ਇਸ ਤੋਂ ਵੀ ਵੱਧ ਮੁਲਕ ਦੇ ਵੱਕਾਰ ਨਾਲ ਹੈ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸੁਤੰਤਰਤਾ ਦਿਵਸ ਸਮਾਗਮ ਦੀਆਂ ਤਿਆਰੀਆਂ ਸਬੰਧੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
15 ਅਗਸਤ 2024 ਨੂੰ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਆਜ਼ਾਦੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਸੰਜੀਵ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪੋ-ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ।

ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ 15 ਅਗਸਤ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੁਤੰਤਰਤਾ ਦਿਵਸ ਸਮਾਗਮ ਗੁਰੂ ਗੋਬਿੰਦ ਸਿੰਘ ਸਟੇਡੀਅਮ, ਸ੍ਰੀ ਮੁਕਤਸਰ ਸਾਹਿਬ ਵਿਖੇ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਆਜ਼ਾਦੀ ਸਮਾਗਮ ਵਿੱਚ ਆਉਣ ਵਾਲੇ ਲੋਕਾਂ ਲਈ ਟ੍ਰੈਫਿਕ ਰੂਟ ਬਣਾਇਆ ਜਾਵੇ ਅਤੇ ਪਾਰਕਿੰਗ ਲਈ ਪਹਿਲਾਂ ਹੀ ਥਾਵਾਂ ਨਿਸ਼ਚਤ ਕੀਤੀਆਂ ਜਾਣ ਤਾਂ ਜੋ ਕਿਸੇ ਤਰਾਂ ਦੀ ਟ੍ਰੈਫਿਕ ਦੀ ਸਮੱਸਿਆ ਨਾ ਆਵੇ। ਉਨ੍ਹਾਂ ਬਿਜਲੀ ਬੋਰਡ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਜ਼ਾਦੀ ਦਿਵਸ ਮੌਕੇ ਨਿਰਵਿਘਨ ਬਿਜਲੀ ਦੀ ਸਪਲਾਈ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਜੇਕਰ ਬਿਜਲੀ ਦੀਆਂ ਤਾਰਾਂ ਢਿੱਲੀਆਂ ਹਨ ਤਾਂ ਉਨ੍ਹਾਂ ਕਸਿਆ ਜਾਵੇ।

# ਕੋਈ ਨੈਤਿਕਤਾ ਨਹੀਂ, ਪੈਸੇ ਤੇ ਸ਼ੋਹਰਤ ਲਈ ਸਭ ਕੁਝ: ਵਿਵਾਦਾਂ ’ਚ ਘਿਰੀ ਵੀਡੀਓ ’ਚ ਮਸ਼ਹੂਰ ਪੰਜਾਬੀ ਜੋੜਾ ਹੁਣ ਸੋਸ਼ਲ ਮੀਡੀਆ ’ਤੇ ਸਰਗਰਮ



RUPINDER KAUR

**ਜਾਣ-ਪਛਾਣ**
ਡਿਜੀਟਲ ਯੁੱਗ ਨੇ ਸਾਡੇ ਦੁਆਰਾ ਜਾਣਕਾਰੀ ਅਤੇ ਮਨੋਰੰਜਨ ਦੀ ਵਰਤੋਂ ਕਰਨ ਦੇ ਤਰੀਕੇ ਵਿੱਚ ਇੱਕ ਗਤੀਸ਼ੀਲ ਤਬਦੀਲੀ ਲਿਆਂਦੀ ਹੈ। YouTube, Instagram, ਅਤੇ TikTok ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੇ ਸਮਗਰੀ ਦੀ ਰਚਨਾ ਦਾ ਲੋਕਤੰਤਰੀਕਰਨ ਕੀਤਾ ਹੈ, ਜਿਸ ਨਾਲ ਜੀਵਨ ਦੇ ਸਾਰੇ ਖੇਤਰਾਂ ਦੇ ਵਿਅਕਤੀਆਂ ਨੂੰ ਆਪਣੀਆਂ ਕਹਾਣੀਆਂ, ਪ੍ਰਤਿਭਾਵਾਂ ਅਤੇ ਵਿਚਾਰਾਂ ਨੂੰ ਵਿਸ਼ਵਵਿਆਪੀ ਦਰਸ਼ਕਾਂ ਨਾਲ ਸਾਂਝਾ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਹਾਲਾਂਕਿ, ਇਸ ਲੋਕਤੰਤਰੀਕਰਨ ਨੇ ਸਮੱਗਰੀ ਦੇ ਉਭਾਰ ਦਾ ਕਾਰਨ ਵੀ ਬਣਾਇਆ ਹੈ ਜਿਸਨੂੰ ਬਹੁਤ ਸਾਰੇ ਵਿਵਾਦਪੂਰਨ, ਸਨਸਨੀਖੇਜ਼, ਜਾਂ ਸਿਰਫ਼ ਅਣਉਚਿਤ ਮੰਨਦੇ ਹਨ। ਅਜਿਹੀ ਹੀ ਇੱਕ ਉਦਾਹਰਣ ਇੱਕ ਪੰਜਾਬੀ ਜੋੜੇ ਦਾ ਮਾਮਲਾ ਹੈ, ਜੋ ਇੱਕ ਅਸ਼ਲੀਲ ਵੀਡੀਓ ਦੇ ਰਿਲੀਜ਼ ਹੋਣ ਤੋਂ ਬਾਅਦ, ਸਸਤੇ ਪ੍ਰਚਾਰ ਲਈ ਬਹੁਤ ਸਾਰੇ ÷ਬਕਵਾਸ÷ ਵੀਡੀਓ ਬਣਾਉਣ ਵੱਲ ਮੁੜ ਗਿਆ। ਇਸ ਵਰਤਾਰੇ ਨੇ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਖਾਤਮੇ ਬਾਰੇ ਇੱਕ ਗਰਮ ਬਹਿਸ ਛੇੜ ਦਿੱਤੀ ਹੈ ਅਤੇ ਲੋਕ ਪ੍ਰਸਿੱਧੀ ਅਤੇ ਧਿਆਨ ਲਈ ਕਿਸ ਹੱਦ ਤੱਕ ਜਾਣਗੇ।

ਇੰਟਰਨੈੱਟ ਸਟਾਰਡਮ ਦਾ ਮੋਹ ਸ਼ਕਤੀਸ਼ਾਲੀ ਹੈ। YouTube ਅਤੇ Instagram ਵਰਗੇ ਪਲੇਟਫਾਰਮ ਵਿਗਿਆਪਨ ਮਾਲੀਆ, ਸਪਾਂਸਰਸ਼ਿਪਾਂ ਅਤੇ ਬ੍ਰਾਂਡ ਡੀਲਾਂ ਰਾਹੀਂ ਨਾ ਸਿਰਫ਼ ਪ੍ਰਸਿੱਧੀ ਦੀ ਪੇਸ਼ਕਸ਼ ਕਰਦੇ ਹਨ, ਸਗੋਂ ਵਿੱਤੀ ਇਨਾਮ ਵੀ ਪ੍ਰਦਾਨ ਕਰਦੇ ਹਨ। ਬਹੁਤ ਸਾਰੇ ਲੋਕਾਂ ਲਈ, ਇੱਕ ਇੰਟਰਨੈਟ ਸੇਲਿਬ੍ਰਿਟੀ ਬਣਨ ਦੇ ਰਸਤੇ ਵਿੱਚ ਅਜਿਹੀ ਸਮੱਗਰੀ ਬਣਾਉਣਾ ਸ਼ਾਮਲ ਹੁੰਦਾ ਹੈ ਜੋ ਵੱਡੀ ਗਿਣਤੀ ਵਿੱਚ ਵਿਚਾਰਾਂ ਅਤੇ ਅਨੁਯਾਈਆਂ ਨੂੰ ਆਕਰਸ਼ਿਤ ਕਰਦਾ ਹੈ। ਹਾਲਾਂਕਿ, ਭੀੜ-ਭੜੱਕੇ ਵਾਲੇ ਡਿਜੀਟਲ ਸਪੇਸ ਵਿੱਚ ਬਾਹਰ ਖੜ੍ਹੇ ਹੋਣ ਦਾ ਦਬਾਅ ਅਕਸਰ ਵਿਵਾਦਪੂਰਨ ਜਾਂ ਸਨਸਨੀਖੇਜ਼ ਸਮੱਗਰੀ ਦੀ ਸਿਰਜਣਾ ਵੱਲ ਲੈ ਜਾਂਦਾ ਹੈ।

**ਸਿਸਟਮ ਦੀ ਭੂਮਿਕਾ**
ਸੋਸ਼ਲ ਮੀਡੀਆ ਸਿਸਟਮ ਇਸ ਵਰਤਾਰੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਪ੍ਰਣਾਲੀਆਂ ਉੱਚ ਪੱਧਰੀ ਪਰਸਪਰ ਪ੍ਰਭਾਵ ਪੈਦਾ ਕਰਨ ਵਾਲੀ ਸਮੱਗਰੀ ਨੂੰ ਉਤਸ਼ਾਹਿਤ ਕਰਕੇ ਉਪਭੋਗਤਾ ਦੀ ਸ਼ਮੂਲੀਅਤ ਨੂੰ ਵੱਧ ਤੋਂ ਵੱਧ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਬਦਕਿਸਮਤੀ ਨਾਲ, ਇਸਦਾ ਅਕਸਰ ਮਤਲਬ ਹੁੰਦਾ ਹੈ ਕਿ ਸਨਸਨੀਖੇਜ਼ ਜਾਂ ਭੜਕਾਊ ਸਮੱਗਰੀ ਨੂੰ ਵਧੇਰੇ ਸਿਹਤਮੰਦ ਜਾਂ ਜਾਣਕਾਰੀ ਭਰਪੂਰ ਸਮੱਗਰੀ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਨਤੀਜੇ ਵਜੋਂ, ਸਮੱਗਰੀ ਸਿਰਜਣਹਾਰ ਸਿਸਟਮ ਦਾ ਧਿਆਨ ਖਿੱਚਣ ਲਈ ਸੀਮਾਵਾਂ ਨੂੰ ਧੱਕਣ ਲਈ ਮਜਬੂਰ ਮਹਿਸੂਸ ਕਰ ਸਕਦੇ ਹਨ ਅਤੇ, ਵਿਸਤਾਰ ਦੁਆਰਾ, ਦਰਸ਼ਕਾਂ ਦਾ।

**ਪੰਜਾਬੀ ਜੋੜੇ ਦਾ ਵਿਵਾਦਿਤ ਸਫਰ ਸਕੈਂਡਲ ਤੋਂ ਸਨਸਨੀ ਤੱਕ**
ਇਸ ਵਿਵਾਦ ਦੇ ਕੇਂਦਰ ਵਿੱਚ ਪੰਜਾਬੀ ਜੋੜਾ ਪਹਿਲਾਂ ਇੱਕ ਅਸ਼ਲੀਲ ਵੀਡੀਓ ਜਾਰੀ ਕਰਕੇ ਬਦਨਾਮ ਹੋਇਆ। ਇੱਕ ਰੂੜੀਵਾਦੀ ਸਮਾਜ ਵਿੱਚ ਜਿੱਥੇ ਅਜਿਹੀ ਸਮੱਗਰੀ ਵਰਜਿਤ ਹੈ, ਵੀਡੀਓ ਤੇਜ਼ੀ ਨਾਲ ਵਾਇਰਲ ਹੋ ਗਿਆ, ਜੋੜੇ ਨੂੰ ਸੁਰਖੀਆਂ ਵਿੱਚ ਲਿਆਇਆ। ਜਨਤਕ ਦ੍ਰਿਸ਼ਟੀਕੋਣ ਤੋਂ ਪਿੱਛੇ ਹਟਣ ਦੀ ਬਜਾਏ, ਉਹਨਾਂ ਨੇ ਯੂਟਿਊਬ, ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਭੜਕਾਊ ਅਤੇ ਸਨਸਨੀਖੇਜ਼ ਵੀਡੀਓਜ਼ ਦੀ ਇੱਕ ਲੜੀ ਬਣਾ ਕੇ ਆਪਣੀ ਨਵੀਂ ਪ੍ਰਸਿੱਧੀ ਦਾ ਲਾਭ ਉਠਾਇਆ।

**ਉਹਨਾਂ ਦੇ ਵੀਡੀਓ ਦੀ ਸਮੱਗਰੀ**
ਜੋੜੇ ਦੇ ਵੀਡੀਓਜ਼ ਉਹਨਾਂ ਦੇ ਵਿਵਾਦਪੂਰਨ ਅਤੇ ਅਕਸਰ ਬੇਤੁਕੇ ਸੁਭਾਅ ਦੁਆਰਾ ਦਰਸਾਏ ਗਏ ਹਨ. ਉਹ ਅਤਿਕਥਨੀ ਵਾਲੇ ਵਿਵਹਾਰ ਵਿੱਚ ਸ਼ਾਮਲ ਹੁੰਦੇ ਹਨ, ਅਪਮਾਨਜਨਕ ਬਿਆਨ ਦਿੰਦੇ ਹਨ, ਅਤੇ ਅਜਿਹੀ ਸਮੱਗਰੀ ਬਣਾਉਂਦੇ ਹਨ ਜੋ ਬਹੁਤ ਸਾਰੇ ਦਰਸ਼ਕਾਂ ਨੂੰ ਅਪਮਾਨਜਨਕ ਜਾਂ ਘਿਣਾਉਣੀ ਲੱਗਦੀ ਹੈ। ਜਦੋਂ ਕਿ ਕੁਝ ਲੋਕ ਇਹ ਦਲੀਲ ਦਿੰਦੇ ਹਨ ਕਿ ਉਹਨਾਂ ਦੇ ਵੀਡੀਓ ਮਨੋਰੰਜਨ ਜਾਂ ਸਵੈ-



ਪ੍ਰਗਟਾਵੇ ਦਾ ਇੱਕ ਰੂਪ ਹਨ, ਦੂਸਰੇ ਉਹਨਾਂ ਨੂੰ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਸਮਾਜਕ ਨਿਯਮਾਂ ਦੀ ਕੀਮਤ ’ਤੇ ਸਸਤੀ ਪ੍ਰਚਾਰ ਪ੍ਰਾਪਤ ਕਰਨ ਦੀ ਕੋਝੀ ਕੋਸ਼ਿਸ਼ ਵਜੋਂ ਦੇਖਦੇ ਹਨ।

**ਪੰਜਾਬੀ ਸੱਭਿਆਚਾਰ ’ਤੇ ਪ੍ਰਭਾਵ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਖਾਤਮਾ**
ਜੋੜੇ ਦੀਆਂ ਕਾਰਵਾਈਆਂ ਦੇ ਆਲੇ ਦੁਆਲੇ ਸਭ ਤੋਂ ਮਹੱਤਵਪੂਰਨ ਚਿੰਤਾਵਾਂ ਵਿੱਚੋਂ ਇੱਕ ਹੈ ਪੰਜਾਬੀ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਖੋਰਾ। ਪੰਜਾਬੀ ਸੱਭਿਆਚਾਰ, ਹੋਰ ਬਹੁਤ ਸਾਰੇ ਲੋਕਾਂ ਵਾਂਗ, ਮਾਣ, ਸਤਿਕਾਰ ਅਤੇ ਨਿਮਰਤਾ ਨੂੰ ਉੱਚਾ ਮੁੱਲ ਦਿੰਦਾ ਹੈ। ਜੋੜੇ ਦੇ ਵਿਵਹਾਰ ਨੂੰ ਬਹੁਤ ਸਾਰੇ ਲੋਕਾਂ ਦੁਆਰਾ ਇਹਨਾਂ ਕਦਰਾਂ-ਕੀਮਤਾਂ ਦੇ ਸਿੱਧੇ ਅਪਮਾਨ ਵਜੋਂ ਦੇਖਿਆ ਜਾਂਦਾ ਹੈ, ਜਿਸ ਨਾਲ ਸਮਾਜ ਵਿੱਚ ਸ਼ਰਮ ਅਤੇ ਨਿਰਾਸ਼ਾ ਦੀ ਭਾਵਨਾ ਪੈਦਾ ਹੁੰਦੀ ਹੈ।

**ਪਰੰਪਰਾ ਅਤੇ ਆਧੁਨਿਕਤਾ ਦੀ ਭੂਮਿਕਾ**
ਇਹ ਵਿਵਾਦ ਪੰਜਾਬੀ ਸਮਾਜ ਵਿਚ ਪਰੰਪਰਾ ਅਤੇ ਆਧੁਨਿਕਤਾ ਵਿਚਲੇ ਤਣਾਅ ਨੂੰ ਉਜਾਗਰ ਕਰਦਾ ਹੈ। ਇੱਕ ਪਾਸੇ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਅਤੇ ਰਵਾਇਤੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦੀ ਪ੍ਰਬਲ ਇੱਛਾ ਹੈ। ਦੂਜੇ ਪਾਸੇ, ਆਧੁਨਿਕੀਕਰਨ ਦੀ ਤੇਜ਼ ਰਫ਼ਤਾਰ ਅਤੇ ਗਲੋਬਲ ਮੀਡੀਆ ਦੇ ਪ੍ਰਭਾਵ ਨੇ ਨਵੇਂ ਨਿਯਮਾਂ ਅਤੇ ਵਿਹਾਰਾਂ ਨੂੰ ਪੇਸ਼ ਕੀਤਾ ਹੈ। ਪੰਜਾਬੀ ਜੋੜੇ ਦੀਆਂ ਕਾਰਵਾਈਆਂ ਨੂੰ ਇਸ ਵਿਆਪਕ ਸੱਭਿਆਚਾਰਕ ਤਬਦੀਲੀ ਦੇ ਲੱਛਣ ਵਜੋਂ ਦੇਖਿਆ ਜਾ ਸਕਦਾ ਹੈ, ਜਿੱਥੇ ਆਧੁਨਿਕ ਪ੍ਰਭਾਵਾਂ ਦੁਆਰਾ ਰਵਾਇਤੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ।

**ਧਿਆਨ ਦੀ ਮੰਗ ਦਾ ਮਨੋਵਿਗਿਆਨ ਪ੍ਰਮਾਣਿਕਤਾ ਦੀ ਲੋੜ**
ਜੋੜੇ ਦੇ ਵਿਵਹਾਰ ਨੂੰ ਧਿਆਨ ਖਿੱਚਣ ਦੇ ਮਨੋਵਿਗਿਆਨ ਦੇ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ. ਸੋਸ਼ਲ ਮੀਡੀਆ ਪਲੇਟਫਾਰਮ ਪਸੰਦਾਂ, ਟਿੱਪਣੀਆਂ ਅਤੇ ਸ਼ੇਅਰਾਂ ਦੇ ਰੂਪ ਵਿੱਚ ਤੁਰੰਤ ਪ੍ਰਮਾਣਿਕਤਾ ਪ੍ਰਦਾਨ ਕਰਦੇ ਹਨ। ਕੁਝ ਵਿਅਕਤੀਆਂ ਲਈ, ਇਹ ਪ੍ਰਮਾਣਿਕਤਾ ਇੱਕ ਨਸ਼ਾਖੋਰੀ ਬਣ ਜਾਂਦੀ ਹੈ, ਜਿਸ ਨਾਲ ਉਹ ਆਪਣੀ ਔਨਲਾਈਨ ਮੌਜੂਦਗੀ ਅਤੇ ਪ੍ਰਸਿੱਧੀ ਨੂੰ ਬਰਕਰਾਰ ਰੱਖਣ ਲਈ ਵੱਧ ਰਹੇ ਅਤਿਅੰਤ ਵਿਵਹਾਰ ਵਿੱਚ ਸ਼ਾਮਲ ਹੋ ਜਾਂਦੇ ਹਨ।

**ਪ੍ਰਸਿੱਧੀ ਦਾ ਪ੍ਰਭਾਵ**
ਪ੍ਰਸਿੱਧੀ, ਭਾਵੇਂ ਵਿਵਾਦਪੂਰਨ ਸਾਧਨਾਂ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ, ਇੱਕ ਵਿਅਕਤੀ ਦੀ ਸਵੈ-ਧਾਰਨਾ ਅਤੇ ਵਿਵਹਾਰ ’ਤੇ ਡੂੰਘਾ ਪ੍ਰਭਾਵ ਪਾ ਸਕਦੀ ਹੈ। ਨਿਰੰਤਰ ਧਿਆਨ ਅਤੇ ਪੜਤਾਲ ਇੱਕ ਫੀਡਬੈਕ ਲੂਪ ਬਣਾ ਸਕਦੀ ਹੈ ਜਿੱਥੇ ਵਿਅਕਤੀ ਆਪਣੀ ਜਨਤਕ ਸ਼ਖਸੀਅਤ ਨੂੰ ਬਣਾਈ ਰੱਖਣ ਲਈ ਮਜਬੂਰ ਮਹਿਸੂਸ ਕਰਦਾ ਹੈ, ਅਕਸਰ ਆਪਣੀ ਭਲਾਈ ਅਤੇ ਕਦਰਾਂ ਕੀਮਤਾਂ ਦੀ ਕੀਮਤ ’ਤੇ। ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਭੂਮਿਕਾ

**ਜ਼ਿੰਮੇਵਾਰੀ ਅਤੇ ਜਵਾਬਦੇਹੀ**
ਇਸ ਵਰਤਾਰੇ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਅਹਿਮ ਭੂਮਿਕਾ ਹੈ। ਜਦੋਂ ਕਿ ਉਹ ਸਮੱਗਰੀ ਬਣਾਉਣ ਅਤੇ ਵੰਡਣ ਲਈ ਟੂਲ ਪ੍ਰਦਾਨ ਕਰਦੇ ਹਨ, ਉਹਨਾਂ ਦੀ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਵੀ ਹੁੰਦੀ ਹੈ ਕਿ ਉਹਨਾਂ ਦੇ ਪਲੇਟਫਾਰਮਾਂ ਦੀ ਵਰਤੋਂ ਨੁਕਸਾਨਦੇਹ ਜਾਂ ਅਪਮਾਨਜਨਕ ਸਮੱਗਰੀ ਨੂੰ ਫੈਲਾਉਣ ਲਈ ਨਹੀਂ ਕੀਤੀ ਜਾਂਦੀ। ਇਹ ਇਸ ਬਾਰੇ ਮਹੱਤਵਪੂਰਨ ਸਵਾਲ ਉਠਾਉਂਦਾ ਹੈ ਕਿ ਇਹਨਾਂ ਪਲੇਟਫਾਰਮਾਂ ਨੂੰ ਕਿਸ ਹੱਦ ਤੱਕ ਸਮੱਗਰੀ ਨੂੰ ਨਿਯੰਤ੍ਰਿਤ ਕਰਨਾ ਚਾਹੀਦਾ ਹੈ ਅਤੇ ਉਹਨਾਂ ਵਿਧੀਆਂ ਨੂੰ ਉਹਨਾਂ ਦੇ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਵਰਤਣਾ ਚਾਹੀਦਾ ਹੈ।

**ਸੰਜਮ ਦੀ ਚੁਣੌਤੀ**
ਸੋਸ਼ਲ ਮੀਡੀਆ ’ਤੇ ਸਮੱਗਰੀ ਨੂੰ ਸੰਚਾਲਿਤ ਕਰਨਾ ਇੱਕ ਗੁੰਝਲਦਾਰ ਅਤੇ ਚੁਣੌਤੀਪੂਰਨ ਕੰਮ ਹੈ। ਅਰਬਾਂ ਉਪਭੋਗਤਾਵਾਂ ਅਤੇ ਸਮਗਰੀ ਦੀ ਲਗਾਤਾਰ ਵਧ ਰਹੀ ਮਾਤਰਾ ਦੇ ਨਾਲ, ਅਣਉਚਿਤ ਸਮੱਗਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਛਾਣਨਾ ਅਤੇ ਹਟਾਉਣਾ ਮੁਸ਼ਕਲ ਹੈ। ਇਸ ਤੋਂ ਇਲਾਵਾ, ਅਪਮਾਨਜਨਕ ਜਾਂ ਹਾਨੀਕਾਰਕ ਸਮੱਗਰੀ ਦੀ ਵਿਅਕਤੀਗਤ ਪ੍ਰਕਿਰਤੀ ਮਿਆਰਾਂ ਨੂੰ ਸਥਾਪਤ ਕਰਨ ਅਤੇ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਗੁੰਝਲਦਾਰ ਬਣਾਉਂਦੀ ਹੈ।

**ਨੈਤਿਕ ਪ੍ਰਭਾਵ ਸਮਗਰੀ ਬਣਾਉਣ ਦੀ ਨੈਤਿਕਤਾ**
ਪੰਜਾਬੀ ਜੋੜੇ ਦੀਆਂ ਕਾਰਵਾਈਆਂ ਸਮੱਗਰੀ ਸਿਰਜਣ ਦੀ ਨੈਤਿਕਤਾ ਬਾਰੇ ਮਹੱਤਵਪੂਰਨ ਨੈਤਿਕ ਸਵਾਲ ਖੜ੍ਹੇ ਕਰਦੀਆਂ ਹਨ। ਕੀ ਅਜਿਹੀ ਸਮੱਗਰੀ ਬਣਾਉਣਾ ਸਵੀਕਾਰਯੋਗ ਹੈ ਜੋ ਪ੍ਰਚਾਰ ਦੀ ਖ਼ਾਤਰ ਸਦਮੇ ਜਾਂ ਅਪਮਾਨ ਲਈ ਤਿਆਰ ਕੀਤੀ ਗਈ ਹੈ? ਸਮਗਰੀ ਸਿਰਜਣਹਾਰਾਂ ਦੀਆਂ ਆਪਣੇ ਦਰਸ਼ਕਾਂ ਅਤੇ ਸਮਾਜ ਲਈ ਕਿਹੜੀਆਂ ਜ਼ਿੰਮੇਵਾਰੀਆਂ ਹਨ? ਇਹਨਾਂ ਸਵਾਲਾਂ ਦੇ ਜਵਾਬ ਆਸਾਨੀ ਨਾਲ ਨਹੀਂ ਮਿਲਦੇ ਹਨ, ਪਰ ਇਹ ਡਿਜੀਟਲ ਯੁੱਗ ਦੇ ਸੰਦਰਭ ਵਿੱਚ ਵਿਚਾਰਨ ਲਈ ਮਹੱਤਵਪੂਰਨ ਹਨ।

**ਨੌਜਵਾਨ ਪੀੜ੍ਹੀ ’ਤੇ ਪ੍ਰਭਾਵ**
ਨੌਜਵਾਨ ਪੀੜ੍ਹੀਆਂ ’ਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਇਕ ਹੋਰ ਮਹੱਤਵਪੂਰਣ ਨੈਤਿਕ ਵਿਚਾਰ ਹੈ। ਨੌਜਵਾਨ ਅਕਸਰ ਪ੍ਰਭਾਵਸ਼ਾਲੀ ਹੁੰਦੇ ਹਨ ਅਤੇ ਉਹਨਾਂ ਦੁਆਰਾ ਔਨਲਾਈਨ ਵੇਖੇ ਜਾਣ ਵਾਲੇ ਵਿਵਹਾਰ ਦੀ ਨਕਲ ਕਰ ਸਕਦੇ ਹਨ। ਪੰਜਾਬੀ ਜੋੜੇ ਦੀਆਂ ਕਿਰਿਆਵਾਂ, ਜੇਕਰ ਅਣਜਾਣ ਰਹਿ ਗਈਆਂ, ਤਾਂ ਨੌਜਵਾਨ ਦਰਸ਼ਕਾਂ ਲਈ ਇੱਕ ਹਾਨੀਕਾਰਕ ਮਿਸਾਲ ਕਾਇਮ ਕਰ ਸਕਦੀਆਂ ਹਨ, ਪ੍ਰਸਿੱਧੀ ਦੀ ਭਾਲ ਵਿੱਚ ਅਣਉਚਿਤ ਜਾਂ ਅਨੈਤਿਕ ਵਿਵਹਾਰ ਨੂੰ ਆਮ ਬਣਾਉਂਦੀਆਂ ਹਨ।

**ਅੱਗੇ ਦਾ ਰਾਹ ਸਕਾਰਾਤਮਕ ਸਮੱਗਰੀ ਨੂੰ ਉਤਸ਼ਾਹਿਤ ਕਰਨਾ**
ਇਸ ਮੁੱਦੇ ਦਾ ਇੱਕ ਸੰਭਾਵੀ ਹੱਲ ਸੋਸ਼ਲ ਮੀਡੀਆ ’ਤੇ ਸਕਾਰਾਤਮਕ ਅਤੇ ਰਚਨਾਤਮਕ ਸਮੱਗਰੀ ਨੂੰ ਉਤਸ਼ਾਹਿਤ ਕਰਨਾ ਹੈ। ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਮੇਲ ਖਾਂਦੀ ਅਤੇ ਸਕਾਰਾਤਮਕ ਵਿਵਹਾਰ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਨੂੰ ਉਜਾਗਰ ਕਰਨ ਅਤੇ ਇਨਾਮ ਦੇਣ ਦੁਆਰਾ, ਪਲੇਟਫਾਰਮ ਸਨਸਨੀਖੇਜ਼ ਅਤੇ ਵਿਵਾਦਪੂਰਨ ਸਮੱਗਰੀ ਤੋਂ ਫੋਕਸ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੇ ਹਨ।

**ਸਿੱਖਿਆ ਅਤੇ ਜਾਗਰੂਕਤਾ**
ਸਿੱਖਿਆ ਅਤੇ ਜਾਗਰੂਕਤਾ ਵੀ ਇਸ ਮੁੱਦੇ ਨੂੰ ਹੱਲ ਕਰਨ ਦੇ ਮੁੱਖ ਹਿੱਸੇ ਹਨ। ਸਮਗਰੀ ਸਿਰਜਣਹਾਰਾਂ ਅਤੇ ਦਰਸ਼ਕਾਂ ਨੂੰ ਉਹਨਾਂ ਦੀਆਂ ਕਾਰਵਾਈਆਂ ਦੇ ਨੈਤਿਕ ਪ੍ਰਭਾਵਾਂ ਅਤੇ ਸਮਾਜ ’ਤੇ ਸੰਭਾਵੀ ਪ੍ਰਭਾਵਾਂ ਬਾਰੇ ਸਿੱਖਿਅਤ ਕਰਕੇ, ਵਧੇਰੇ ਜ਼ਿੰਮੇਵਾਰ ਅਤੇ ਸਤਿਕਾਰਯੋਗ ਔਨਲਾਈਨ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸੰਭਵ ਹੈ।

**ਸਿੱਟਾ**
ਪੰਜਾਬੀ ਜੋੜੇ ਦਾ ਮਾਮਲਾ, ਜੋ ਸਸਤੇ ਪ੍ਰਚਾਰ ਲਈ ਵਿਵਾਦਪੂਰਨ ਵੀਡੀਓ ਬਣਾਉਣ ਵੱਲ ਮੁੜਿਆ ਹੈ, ਸੋਸ਼ਲ ਮੀਡੀਆ ਦੀ ਪ੍ਰਸਿੱਧੀ ਦੀ ਗੁੰਝਲਦਾਰ ਅਤੇ ਅਕਸਰ ਪਰੇਸ਼ਾਨ ਕਰਨ ਵਾਲੀ ਗਤੀਸ਼ੀਲਤਾ ਦੀ ਇੱਕ ਪੂਰੀ ਯਾਦ ਦਿਵਾਉਂਦਾ ਹੈ।

ਜਿੱਥੇ ਡਿਜੀਟਲ ਯੁੱਗ ਨੇ ਬਹੁਤ ਸਾਰੀਆਂ ਸਕਾਰਾਤਮਕ ਤਬਦੀਲੀਆਂ ਲਿਆਂਦੀਆਂ ਹਨ, ਉੱਥੇ ਇਸ ਨੇ ਨਵੀਆਂ ਚੁਣੌਤੀਆਂ ਨੂੰ ਵੀ ਜਨਮ ਦਿੱਤਾ ਹੈ ਜਿਨ੍ਹਾਂ ਨੂੰ ਧਿਆਨ ਨਾਲ ਵਿਚਾਰਨ ਅਤੇ ਕਾਰਵਾਈ ਕਰਨ ਦੀ ਲੋੜ ਹੈ।

ਇਹਨਾਂ ਚੁਣੌਤੀਆਂ ਨੂੰ ਸਿਰੇ ਤੋਂ ਸੰਬੋਧਿਤ ਕਰਕੇ ਅਤੇ ਸਮੱਗਰੀ ਦੀ ਸਿਰਜਣਾ ਲਈ ਵਧੇਰੇ ਨੈਤਿਕ ਅਤੇ ਜ਼ਿੰਮੇਵਾਰ ਪਹੁੰਚ ਨੂੰ ਉਤਸ਼ਾਹਿਤ ਕਰਨ ਦੁਆਰਾ, ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਣਾ ਅਤੇ ਇੱਕ ਸਿਹਤਮੰਦ ਅਤੇ ਵਧੇਰੇ ਸਤਿਕਾਰਯੋਗ ਔਨਲਾਈਨ ਭਾਈਚਾਰੇ ਨੂੰ ਉਤਸ਼ਾਹਿਤ ਕਰਨਾ ਸੰਭਵ ਹੈ।

# ਅਪ੍ਰੇਸ਼ਨ ਈਗਲ-5: ਪੰਜਾਬ ਪੁਲਿਸ ਨੇ ਵੱਡੇ ਪੱਧਰ ਤੇ ਅਪਰੇਸ਼ਨ ਦੌਰਾਨ ਨਸ਼ਿਆਂ ਦੇ ਹੌਟਸਪੌਟਸ ਨੂੰ ਬਣਾਇਆ ਨਿਸ਼ਾਨਾ; ਚਾਰ ਭਗੌੜਿਆਂ ਸਮੇਤ 86 ਵਿਅਕਤੀ ਗ੍ਰਿਫਤਾਰ

**➢ ਰੇਂਜ ਅਫਸਰਾਂ ਅਤੇ ਸੀਪੀਜ਼/ਐਸਐਸਪੀਜ਼ ਨੂੰ ਹਰੇਕ ਪੁਲਿਸ ਜ਼ਿਲੇ ਵਿੱਚ ਇਸ ਵਿਸ਼ੇਸ਼ ਅਪ੍ਰੇਸ਼ਨ ਦੀ ਨਿੱਜੀ ਤੌਰ ’ਤੇ ਨਿਗਰਾਨੀ ਕਰਨ ਲਈ ਦਿੱਤੇ ਨਿਰਦੇਸ਼ ➢ ਪੁਲਿਸ ਟੀਮਾਂ ਵੱਲੋਂ 270 ਗ੍ਰਾਮ ਹੈਰੋਇਨ, 74 ਕਿਲੋ ਭੁੱਕੀ, 2 ਕਿਲੋ ਗਾਂਜਾ, 15210 ਰੁਪਏ ਦੀ ਡਰੱਗ ਮਨੀ ਬਰਾਮਦ**

**ਚੰਡੀਗੜ੍ਹ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਜੰਗ ਤਹਿਤ ਪੰਜਾਬ ਪੁਲਿਸ ਨੇ ਬੁੱਧਵਾਰ ਨੂੰ ਨਸ਼ਿਆਂ ਦੇ ਸ਼ਨਾਖਤ ਕੀਤੇ ਹੌਟਸਪੌਟਸ -ਸੂਬੇ ਭਰ ’ਚ ਨਸ਼ਿਆਂ ਅਤੇ ਨਸ਼ੀਲੇ ਪਦਾਰਥਾਂ ਦੀ ਖ਼ਰੀਦ-ਫ਼ਰੋਖ਼ਤ ਵਾਲੀਆਂ ਥਾਵਾਂ, ’ਤੇ ਇੱਕ ਵਿਆਪਕ ਸੂਬਾ ਪੱਧਰੀ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ)- ‘ਈਗਲ-5’ ਚਲਾਇਆ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ’ਤੇ ਇਹ ਆਪ੍ਰੇਸ਼ਨ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਰਾਜ ਦੇ ਸਾਰੇ 28 ਪੁਲਿਸ ਜ਼ਿਲਿ ?ਹਾਂ ਵਿੱਚ ਇੱਕੋ ਸਮੇਂ ’ਤੇ ਚਲਾਇਆ ਗਿਆ। ਇਸ ਦੌਰਾਨ ਰੇਂਜ ਅਧਿਕਾਰੀਆਂ ਅਤੇ ਸੀਪੀਜ਼/ ਐਸਐਸਪੀਜ਼ ਨੂੰ ਨਿੱਜੀ ਤੌਰ ’ਤੇ ਇਸ



ਵਿਸ਼ੇਸ਼ ਕਾਰਵਾਈ ਦੀ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਜ਼ਿਕਰਯੋਗ ਹੈ ਕਿ ਰਾਜ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ- ਇਨਫੋਰਸਮੈਂਟ, ਡੀਂਡਡੀਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) ਨੂੰ ਲਾਗੂ ਕੀਤਾ ਹੈ। ਪੁਲਿਸ ਅਧਿਕਾਰੀਆਂ ਨੂੰ ਐਨਡੀਪੀਐਸ ਐਕਟ ਤਹਿਤ ਦਰਜ ਕੀਤੇ ਜਾ ਰਹੇ ਸਾਰੇ ਕੇਸਾਂ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਪਾਏ ਜਾਣ ਵਾਲੇ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਜੋ ਕਿ ਰਾਜ ਪੱਧਰ ’ਤੇ ਆਪਰੇਸ਼ਨ ਦੀ ਨਿੱਜੀ ਤੌਰ ’ਤੇ ਨਿਗਰਾਨੀ ਕਰ ਰਹੇ ਹਨ, ਨੇ ਦੱਸਿਆ ਕਿ ਸੀਪੀਜ਼/ਐਸਐਸਪੀਜ਼ ਨੂੰ ਕਿਹਾ ਗਿਆ ਹੈ ਕਿ ਉਹ ਆਪੋ-ਆਪਣੇ ਜ਼ਿਲਿ ?ਹਾਂ ਵਿੱਚ ਨਸ਼ਿਆਂ ਦੇ ਹੌਟਸਪੌਟਸ ਦੀ ਪਛਾਣ ਕਰਕੇ ਸੁਚੱਜੇ ਢੰਗ ਨਾਲ ਅਪਰੇਸ਼ਨ ਨੂੰ ਨੇਪਰੇ ਚੜ੍ਹਾਉਣ ਸਬੰਧੀ ਯੋਜਨਾ ਬਣਾਉਣ ਅਤੇ ਐਸਪੀ/ਡੀਐਸਪੀ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿੱਚ ਅਜਿਹੇ ਖੇਤਰਾਂ ’ਤੇ ਛਾਪੇਮਾਰੀ ਕਰਨ, ਜੋ ਨਸ਼ਾ ਤਸਕਰਾਂ ਲਈ ਪਨਾਹਗਾਹ/ਸੁਰੱਖਿਅਤ ਟਿਕਾਣੇ ਬਣ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 4000 ਤੋਂ ਵੱਧ ਪੁਲਿਸ ਕਰਮੀਆਂ ਦੀ ਨਫ਼ਰੀ ਵਾਲੀਆਂ 518 ਤੋਂ ਵੱਧ ਪੁਲਿਸ ਟੀਮਾਂ, ਨੇ 512 ਨਸ਼ਿਆਂ ਦੇ ਹੌਟਸਪੌਟਸ ’ਤੇ ਇਸ ਅਪਰੇਸ਼ਨ ਨੂੰ ਅੰਜਾਮ ਦਿੱਤਾ। ਇਸ ਦੌਰਾਨ ਨਸ਼ਿਆਂ ਦੇ ਹੌਟਸਪੌਟਸ ’ਤੇ ਅਤੇ ਇਨ੍ਹਾਂ ਦੇ ਆਲੇ-ਦੁਆਲੇ ਵਾਲੀਆਂ ਥਾਵਾਂ ’ਤੇ 419 ਮਜ਼ਬੂਤ ਨਾਕੇ ਵੀ ਲਗਾਏ ਗਏ।

ਅਪਰੇਸ਼ਨ ਦੌਰਾਨ ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ 82 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 61 ਐਫਆਈਆਰ ਦਰਜ ਕੀਤੀਆਂ ਹਨ। ਪੁਲਿਸ ਟੀਮਾਂ ਨੇ 3741 ਸ਼ੱਕੀ ਵਿਅਕਤੀਆਂ ਦੀ ਜਾਂਚ ਕਰਕੇ ਉਨ੍ਹਾਂ ਦੇ ਵੇਰਵਿਆਂ ਦੀ ਪੁਸ਼ਟੀ ਕਰਨ ਤੋਂ ਇਲਾਵਾ ਚਾਰ ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਸ ਵੱਡੇ ਅਪ੍ਰੇਸ਼ਨ ਦੌਰਾਨ 270 ਗ੍ਰਾਮ ਹੈਰੋਇਨ, 15210 ਰੁਪਏ ਦੀ ਡਰੱਗ ਮਨੀ, 74 ਕਿਲੋ ਭੁੱਕੀ, 2 ਕਿਲੋ ਗਾਂਜਾ, 1868 ਨਸ਼ੀਲੀਆਂ ਗੋਲੀਆਂ ਅਤੇ ਭਾਰੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਅਤੇ ਲਾਹਣ ਬਰਾਮਦ ਕੀਤੀ ਗਈ ਹੈ।

# ਸਰਕਾਰ ਦਾ ਇਕ ਨੁਕਾਤੀ ਮਿਸ਼ਨ ਹੈ ਟੈਕਸ, ਜਾਗਣਾ-ਸੌਣਾ, ਹੱਸਣਾ-ਰੋਣਾ, ਖਾਣਾ-ਪੀਣਾ, ਸਿੱਖਿਆ-ਦਵਾਈ, ਖ਼ਰੀਦ-ਵੇਚ, ਸੜਕ-ਹਵਾਈ ਯਾਤਰਾ, ਕਮਾਈ-ਮਿਠਾਈ ਉਹ ਹਰ ਚੀਜ਼ ’ਤੇ ਟੈਕਸ ਲੈ ਰਹੀ ਹੈ : ਰਾਘਵ ਚੱਢਾ

**ਨਵੀਂ ਦਿੱਲੀ, 11 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-**
ਆਮ ਆਦਮੀ ਪਾਰਟੀ ਦੇ ਸਾਂਸਦ ਰਾਘਵ ਚੱਢਾ ਨੇ ਬੁੱਧਵਾਰ ਨੂੰ ਰਾਜ ਸਭਾ ’ਚ ਇੰਡੈਕਸੇਸ਼ਨ ’ਚ ਅੰਸ਼ਕ ਰੂਪ ਨਾਲ ਸੋਧ ’ਤੇ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇਸ਼ ਦੇ ਲੋਕਾਂ ਤੋਂ ਭਾਜਪਾ ਨਾਲ ਦਿਲ ਲਗਾਉਣ ’ਤੇ ਟੈਕਸ ਵਸੂਲ ਰਹੀ ਹੈ।

ਸਰਕਾਰ ਦਾ ਇੱਕੋ-ਇੱਕ ਨੁਕਾਤੀ ਮਿਸ਼ਨ ਟੈਕਸ ਇਕੱਠਾ ਕਰਨਾ ਰਹਿ ਗਿਆ ਹੈ। ਦੇਸ਼ ਦੇ ਲੋਕਾਂ ਦਾ ਜਾਗਣਾ-ਸੌਣਾ, ਹੱਸਣਾ-ਰੋਣਾ, ਖਾਣਾ-ਪੀਣਾ, ਸਿੱਖਿਆ-ਦਵਾਈ, ਖ਼ਰੀਦ-ਵੇਚ, ਸੜਕੀ-ਹਵਾਈ ਯਾਤਰਾ, ਕਮਾਈ ਅਤੇ ਮਠਿਆਈਆਂ ਸਮੇਤ ਹਰ ਚੀਜ਼ ’ਤੇ ਟੈਕਸ ਲਗਾਇਆ ਜਾ ਰਿਹਾ ਹੈ। ਵਿੱਤ ਮੰਤਰਾਲੇ ਵੱਲੋਂ ਵਿੱਤ ਬਿੱਲ ਵਿੱਚ ਲਿਆਂਦੀ ਗਈ ਸੋਧ ਬਾਰੇ ਉਨ੍ਹਾਂ ਕਿਹਾ ਕਿ ਇਹ ਮਾਮੂਲੀ ਸੋਧ ਹੈ। ਇਸ ਸੋਧ ਨਾਲ ਸਿਰਫ਼ 23 ਜੁਲਾਈ, 2024 ਤੋਂ ਪਹਿਲਾਂ ਜ਼ਮੀਨ ਅਤੇ ਇਮਾਰਤਾਂ ਖ਼ਰੀਦਣ ਵਾਲੇ ਨਿਵੇਸ਼ਕਾਂ ਨੂੰ ਇੰਡੈਕਸੇਸ਼ਨ ਦਾ ਲਾਭ ਮਿਲੇਗਾ। 23 ਜੁਲਾਈ, 2024 ਤੋਂ ਬਾਅਦ ਖ਼ਰੀਦੀ ਗਈ ਕਿਸੇ ਵੀ ਜਾਇਦਾਦ ’ਤੇ ਇੰਡੈਕਸੇਸ਼ਨ ਦਾ ਲਾਭ ਉਪਲਬਧ ਨਹੀਂ ਹੋਵੇਗਾ। ਜਦਕਿ ਕੇਂਦਰੀ ਵਿੱਤ ਮੰਤਰੀ ਤੋਂ ਸਾਡੀ ਮੰਗ ਸੀ ਕਿ 100 ਫ਼ੀਸਦੀ ਇੰਡੈਕਸੇਸ਼ਨ ਪਹਿਲਾਂ ਵਾਂਗ ਲਾਗੂ ਕੀਤਾ ਜਾਵੇ।ਉਨ੍ਹਾਂ ਕੇਂਦਰੀ ਵਿੱਤ ਮੰਤਰੀ ਤੋਂ ਮੰਗ ਕੀਤੀ ਕਿ ਹਰ ਤਰ੍ਹਾਂ ਦੇ ਨਿਵੇਸ਼ਾਂ ’ਤੇ ਪਹਿਲਾਂ ਵਾਂਗ 100 ਫ਼ੀਸਦੀ ਇੰਡੈਕਸੇਸ਼ਨ ਮੁੜ ਲਾਗੂ ਕੀਤਾ ਜਾਵੇ।

ਰਾਜ ਸਭਾ ’ਚ ਪੰਜਾਬ ਤੋਂ ‘ਆਪ’ ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਸਦਨ ’ਚ ਇੰਡੈਕਸੇਸ਼ਨ ਦੇ ਮੁੱਦੇ ’ਤੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਕੁਝ ਦਿਨ ਪਹਿਲਾਂ ਅਸੀਂ ਟੈਕਸਾਂ ’ਚ ਇੰਡੈਕਸੇਸ਼ਨ ’ਤੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਸਾਡੇ ਸੁਝਾਅ ਨੂੰ ਕੇਂਦਰੀ ਵਿੱਤ ਮੰਤਰੀ ਨੇ ਸਵੀਕਾਰ ਕਰ ਲਿਆ ਅਤੇ ਦੋ ਹਫ਼ਤੇ ਪਹਿਲਾਂ ਦੇਸ਼ ਦੇ ਨਿਵੇਸ਼ਕਾਂ ਤੋਂ ਜੋ ਇੰਡੈਕਸੇਸ਼ਨ ਖੋਹਿਆ ਗਿਆ ਸੀ, ਉਸਨੂੰ ਬਹਾਲ ਕਰ ਦਿੱਤਾ ਗਿਆ ਹੈ। ਇਹ ਸਾਡੀ ਭਾਰਤ ਸਰਕਾਰ ਦੀ ਟੈਕਸ ਨੀਤੀ ’ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਖੜ੍ਹਾ ਕਰਦਾ ਹੈ ਕਿ ਸਾਡੇ ਦੇਸ਼ ਦੀ ਟੈਕਸ ਨੀਤੀ ਕਿੰਨੀ ਉਲਝੀ ਹੋਈ ਹੈ। 23 ਜੁਲਾਈ, 2024 ਨੂੰ, ਕੇਂਦਰ ਸਰਕਾਰ ਕਹਿੰਦੀ ਹੈ ਕਿ ਉਹ ਭਾਰਤੀ ਨਿਵੇਸ਼ਕਾਂ ਤੋਂ ਇੰਡੈਕਸੇਸ਼ਨ ਵਾਪਸ ਲੈ ਰਹੀ ਹੈ, ਪਰ 6 ਅਗਸਤ ਨੂੰ, ਉਸਨੇ ਆਪਣੇ ਫ਼ੈਸਲੇ ਨੂੰ ਉਲਟਾ ਦਿੱਤਾ ਅਤੇ ਕਿਹਾ ਕਿ ਇੰਡੈਕਸੇਸ਼ਨ ਵਾਪਸ ਨਹੀਂ ਲਿਆ ਜਾਵੇਗਾ, ਪਰ ਇਸ ਨੂੰ ਦੁਬਾਰਾ ਲਾਗੂ ਕੀਤਾ ਜਾਵੇਗਾ। ਇਹ ਸਥਿਤੀ ਸਪਸ਼ਟ ਕਰਦੀ ਹੈ ਕਿ ਜਦੋਂ ਸਰਕਾਰ ਅਜਿਹੇ ਲੋਕਾਂ ਤੋਂ ਬਜਟ ਤਿਆਰ ਕਰੇਗੀ ਜਿਨ੍ਹਾਂ ਨੂੰ ਅਰਥ ਸ਼ਾਸਤਰ ਦਾ ਗਿਆਨ ਨਹੀਂ ਹੈ ਤਾਂ ਅਜਿਹੀਆਂ ਬੇਨਿਯਮੀਆਂ ਦੇਖਣ ਨੂੰ ਮਿਲਣਗੀਆਂ।

ਰਾਘਵ ਚੱਢਾ ਨੇ ਕਿਹਾ ਕਿ ਭਾਰਤ ਦੇ ਨਿਵੇਸ਼ਕਾਂ ਤੋਂ ਇੰਡੈਕਸੇਸ਼ਨ ਖੋਹਣਾ ਇਸ ਦੀ ਕਮਰ ਤੋੜਨ ਦੇ ਬਰਾਬਰ ਹੈ। ਮੈਂ ਪਹਿਲਾਂ ਵੀ ਸਦਨ ਵਿੱਚ ਇੰਡੈਕਸੇਸ਼ਨ ਨੂੰ ਪੂਰੀ ਤਰ੍ਹਾਂ ਫਿਰ ਤੋਂ ਬਹਾਲ ਕਰਨ ਦੀ ਮੰਗ ਉਠਾਈ ਸੀ, ਪਰ ਵਿੱਤ ਮੰਤਰਾਲੇ ਨੇ ਵਿੱਤ ਬਿੱਲ ਵਿੱਚ ਸੋਧ ਕਰਨ ਦੇ ਆਪਣੇ ਪ੍ਰਸਤਾਵ ਵਿੱਚ, ਸਿਰਫ਼ ਅੰਸ਼ਕ ਰੂਪ ਦੇ ਤੌਰ ’ਤੇ ਇੰਡੈਕਸੇਸ਼ਨ ਨੂੰ ਮੁੜ ਲਾਗੂ ਕਰਨ ਦੀ ਗੱਲ ਕੀਤੀ ਹੈ। ਇਸ ਵਿੱਚ ਇੰਡੈਕਸੇਸ਼ਨ ਨੂੰ ਸਾਰੀਆਂ ਕਿਸਮਾਂ ਦੀਆਂ ਜਾਇਦਾਦਾਂ ’ਤੇ ਉਲਟਾ ਨਹੀਂ ਕੀਤਾ ਜਾ ਰਿਹਾ ਹੈ, ਪਰ ਇਹ ਸਿਰਫ



ਜ਼ਮੀਨ ਅਤੇ ਇਮਾਰਤਾਂ ਵਰਗੀਆਂ ਅਚੱਲ ਜਾਇਦਾਦਾਂ ’ਤੇ ਮੁੜ ਲਾਗੂ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ 23 ਜੁਲਾਈ 2024 ਤੋਂ ਬਾਅਦ ਖ਼ਰੀਦੀਆਂ ਗਈਆਂ ਜਾਇਦਾਦਾਂ ’ਤੇ ਇੰਡੈਕਸੇਸ਼ਨ ਦਾ ਲਾਭ ਨਹੀਂ ਮਿਲੇਗਾ।

ਰਾਘਵ ਚੱਢਾ ਨੇ ਕੇਂਦਰ ਸਰਕਾਰ ਤੋਂ ਇੰਡੈਕਸੇਸ਼ਨ ਨੂੰ ਪੂਰੀ ਤਰ੍ਹਾਂ ਬਹਾਲ ਕਰਨ ਦੀ ਬੇਨਤੀ ਕੀਤੀ। ਇਸ ਨੂੰ ਹਰ ਕਿਸਮ ਦੀਆਂ ਜਾਇਦਾਦਾਂ ’ਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ ਅਤੇ 23 ਜੁਲਾਈ 2024 ਤੋਂ ਬਾਅਦ ਖ਼ਰੀਦੀਆਂ ਗਈਆਂ ਜਾਇਦਾਦਾਂ ਨੂੰ ਵੀ ਲਾਭ ਮਿਲਣਾ ਚਾਹੀਦਾ ਹੈ। ਏਸਟਸ ਕਲਾਸੇਸ ਵਿੱਚੋਂ ਇੰਡੈਕਸੇਸ਼ਨ ਨੂੰ ਖ਼ਤਮ ਕਰਨਾ ਇਸ ਬਾਰੇ ਸਵਾਲ ਖੜ੍ਹੇ ਕਰਦਾ ਹੈ ਕਿ ਕੀ ਵਿੱਤ ਮੰਤਰੀ ਮਹਿੰਗਾਈ-ਅਨੁਕੂਲ ਰਿਟਰਨ ਵਿੱਚ ਵਿਸ਼ਵਾਸ ਨਹੀਂ ਕਰਦੇ ਹਨ ਅਤੇ ਕੀ ਉਹ ਮਹਿੰਗਾਈ ਦੇ ਪ੍ਰਭਾਵ ਤੋਂ ਅਣਜਾਣ ਹਨ। ਇੰਡੈਕਸੇਸ਼ਨ ਦੀ ਕਮੀ ਦੇ ਨਤੀਜੇ ਵਜੋਂ ਨਿਵੇਸ਼ਕਾਂ ’ਤੇ ਟੈਕਸ ਦਾ ਬੋਝ ਵਧੇਗਾ।

ਰਾਘਵ ਚੱਢਾ ਨੇ ਇਹ ਵੀ ਕਿਹਾ ਕਿ ਸਰਕਾਰ ਨੂੰ ਸਾਰੀਆਂ ਕਿਸਮਾਂ ਦੀਆਂ ਜਾਇਦਾਦਾਂ ’ਤੇ ਪੂਰਾ ਇੰਡੈਕਸੇਸ਼ਨ ਵਾਪਸ ਕਰਨਾ ਚਾਹੀਦਾ ਹੈ ਅਤੇ 23 ਜੁਲਾਈ, 2024 ਤੋਂ ਪਹਿਲਾਂ ਅਤੇ ਬਾਅਦ ਵਿਚ ਖ਼ਰੀਦੀਆਂ ਗਈਆਂ ਜਾਇਦਾਦਾਂ ਲਈ ਕੋਈ ਮਿਤੀ ਸੀਮਾ ਨਹੀਂ ਹੋਣੀ ਚਾਹੀਦੀ। ਮਹਿੰਗਾਈ ਦੇਸ਼ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰ ਰਹੀ ਹੈ ਅਤੇ ਇਸ ਲਈ ਇੰਡੈਕਸੇਸ਼ਨ ਮਹਿੰਗਾਈ-ਅਨੁਕੂਲ ਮੁਨਾਫੇ ’ਤੇ ਲਗਾਇਆ ਜਾਂਦਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਵਿੱਤ ਬਿੱਲ ਵਿੱਚ ਅਜਿਹੀਆਂ ਸੋਧਾਂ ਨਾਲ ਰੀਅਲ ਅਸਟੇਟ ਮਾਰਕੀਟ ਵਿੱਚ ਕੋਈ ਉਛਾਲ ਨਹੀਂ ਆਵੇਗਾ। ਇਸ ਨਾਲ ਪ੍ਰਾਪਰਟੀ ਦੀ ਰੀਸੇਲ ਮਾਰਕੀਟ ਵਿੱਚ ਗਿਰਾਵਟ ਆਵੇਗੀ, ਮਕਾਨ ਨਾ ਵਿਕਣ ਕਾਰਨ ਕਿਰਾਏ ਵਧਣਗੇ ਅਤੇ ਲੋਕਾਂ ਦੇ ਖਰਚੇ ਵਧਣਗੇ। ਨਾਲ ਹੀ ਭਵਿੱਖਬਾਣੀ ਕੀਤੀ ਕਿ ਇਸ ਨਾਲ ਆਉਣ ਵਾਲੇ ਸਮੇਂ ਵਿਚ ਵਿਦੇਸ਼ੀ ਨਿਵੇਸ਼ ਘਟੇਗਾ। ਰਾਘਵ ਚੱਢਾ ਨੇ ਕਿਹਾ ਕਿ ਸਰਕਾਰ ਨੇ ਸ਼ਾਰਟ ਟਰਮ ਕੈਪੀਟਲ ਗੇਨ ਟੈਕਸ 15 ਫ਼ੀਸਦੀ ਤੋਂ ਵਧਾ ਕੇ 20 ਫ਼ੀਸਦੀ ਅਤੇ ਲਾਂਗ ਟਰਮ ਕੈਪੀਟਲ ਗੇਨ ਟੈਕਸ 10 ਫ਼ੀਸਦੀ ਤੋਂ ਵਧਾ ਕੇ 12.5 ਫ਼ੀਸਦੀ ਕਰ ਦਿੱਤਾ ਹੈ, ਜਿਸ ਕਾਰਨ ਸਾਰੇ ਛੋਟੇ ਅਤੇ ਵੱਡੇ ਨਿਵੇਸ਼ਕਾਂ ਦੀ ਸਥਿਤੀ ਕਮਜ਼ੋਰ ਹੋ ਗਈ ਹੈ। ਉਨ੍ਹਾਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਜੀਵਨ ਅਤੇ ਸਿਹਤ ਬੀਮੇ ’ਤੇ 18 ਫ਼ੀਸਦੀ ਜੀਐਸਟੀ ਹਟਾਉਣ ਦੀ ਮੰਗ ਦਾ ਸਮਰਥਨ ਕੀਤਾ। ਚੱਢਾ ਨੇ ਕਿਹਾ ਕਿ ਸਰਕਾਰ ਮਹਿੰਗਾਈ ਅਤੇ ਬਹੁ-ਵਿਆਪੀ ਟੈਕਸਾਂ ਦੀ ਸਮੱਸਿਆ ਕਾਰਨ ਆਮ ਆਦਮੀ ’ਤੇ ਟੈਕਸਾਂ ਦਾ ਬੋਝ ਵਧਾ ਰਹੀ ਹੈ। ਰਾਘਵ ਚੱਢਾ ਨੇ ਦੇਸ਼ ਦੇ ਟੈਕਸਦਾਤਾਵਾਂ ਦੀ ਹਾਲਤ ’ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਦਾ ਇੱਕੋ ਇੱਕ ਮਿਸ਼ਨ ਟੈਕਸ ਇਕੱਠਾ ਕਰਨਾ ਹੈ। ਇਸ ਦੌਰਾਨ ਉਨ੍ਹਾਂ ਇੱਕ ਕਵਿਤਾ ਰਾਹੀਂ ਆਪਣੇ ਵਿਚਾਰ ਪ੍ਰਗਟ ਕੀਤੇ। ਕਿਹਾ, ਸਰਕਾਰ ਦਾ ਇਕ ਨੁਕਾਤੀ ਮਿਸ਼ਨ ਹੈ ਟੈਕਸ । ਸਰਕਾਰ ਦਾ ਕਮਿਸ਼ਨ ਹੈ ਟੈਕਸ । ਜਾਗਣ ’ਤੇ ਟੈਕਸ, ਸੌਣ ’ਤੇ ਟੈਕਸ, ਹੱਸਣ ’ਤੇ ਟੈਕਸ, ਰੋਣ ’ਤੇ ਟੈਕਸ, ਖਾਣ ’ਤੇ ਟੈਕਸ, ਪੀਣ ’ਤੇ ਟੈਕਸ, ਬੱਚਿਆਂ ਦੀ ਪੜ੍ਹਾਈ ’ਤੇ ਟੈਕਸ, ਬਜ਼ੁਰਗਾਂ ਦੀ ਦਵਾਈ ’ਤੇ ਟੈਕਸ, ਫ਼ਸਲਾਂ ਦੀ ਬਿਜਾਈ ’ਤੇ ਟੈਕਸ, ਰੇਲ ਅਤੇ ਹਵਾਈ ਯਾਤਰਾ ’ਤੇ ਟੈਕਸ, ਖ਼ਰੀਦਣ ’ਤੇ ਟੈਕਸ ਪੈਸੇ ’ਤੇ ਟੈਕਸ, ਵੇਚਣ ’ਤੇ ਟੈਕਸ, ਫੈਲਣ ’ਤੇ ਟੈਕਸ, ਸੜਕਾਂ ’ਤੇ ਟੈਕਸ, ਅਸਮਾਨ ’ਤੇ ਟੈਕਸ, ਕਾਰ ’ਤੇ ਟੈਕਸ, ਮਕਾਨ ’ਤੇ ਟੈਕਸ, ਸੁਪਨਿਆਂ ’ਤੇ ਟੈਕਸ, ਇੱਛਾਵਾਂ ’ਤੇ ਟੈਕਸ, ਖ਼ੁਸ਼ੀ ’ਤੇ ਟੈਕਸ, ਮੁਸਕਰਾਹਟ ’ਤੇ ਟੈਕਸ, ਦਿਨ ਰਾਤ ਉੱਤੇ ਟੈਕਸ, ਕਿਤਾਬਾਂ ’ਤੇ ਟੈਕਸ, ਸਿਆਹੀ ’ਤੇ ਟੈਕਸ, ਸਬਜ਼ੀਆਂ ’ਤੇ ਟੈਕਸ, ਮਿਠਾਈਆਂ ’ਤੇ ਟੈਕਸ।ਸਰਕਾਰ ਜਨਤਾ ਤੋਂ ਵਸੂਲ ਰਹੀ ਹੈ ਭਾਜਪਾ ਨਾਲ ਦਿਲ ਲਗਾਉਣ ’ਤੇ ਟੈਕਸ।

ਰਾਘਵ ਚੱਢਾ ਨੇ ਟਵੀਟ ਕਰਕੇ ਕਿਹਾ, ਇੰਡੈਕਸੇਸ਼ਨ ਦੀ ਅੰਸ਼ਕ ਬਹਾਲੀ ਕਾਫ਼ੀ ਨਹੀਂ ਹੈ। ਭਾਰਤੀ ਨਿਵੇਸ਼ਕ ਅਤੇ ਮੱਧ ਵਰਗ ਇੰਡੈਕਸੇਸ਼ਨ ਨੂੰ ਪੂਰੀ ਤਰ੍ਹਾਂ ਬਹਾਲ ਕਰਨ ਦੀ ਮੰਗ ਕਰ ਰਹੇ ਹਨ। ਪਹਿਲਾਂ, ਕੇਂਦਰ ਸਰਕਾਰ ਨੂੰ 24 ਜੁਲਾਈ, 2024 ਤੋਂ ਬਾਅਦ ਵੀ ਖ਼ਰੀਦੀਆਂ ਗਈਆਂ ਜਾਇਦਾਦਾਂ ’ਤੇ ਇੰਡੈਕਸੇਸ਼ਨ ਲਾਭ ਪ੍ਰਦਾਨ ਕਰਨਾ ਚਾਹੀਦਾ ਹੈ। ਦੂਜਾ, ਸਾਰੀਆਂ ਕਿਸਮਾਂ ਦੀਆਂ ਸੰਪਤੀਆਂ ’ਤੇ ਇੰਡੈਕਸੇਸ਼ਨ ਲਾਭ ਪ੍ਰਦਾਨ ਕਰੇ, ਨਾ ਕਿ ਸਿਰਫ਼ ਰੀਅਲ ਅਸਟੇਟ ਉੱਤੇ। 24 ਜੁਲਾਈ, 2024 ਤੋਂ ਬਾਅਦ ਖ਼ਰੀਦੀਆਂ ਗਈਆਂ ਅਚੱਲ ਜਾਇਦਾਦਾਂ ਸਮੇਤ ਸਾਰੀਆਂ ਸੰਪੱਤੀ ਸ਼੍ਰੇਣੀਆਂ ’ਤੇ ਇੰਡੈਕਸੇਸ਼ਨ ਲਾਭਾਂ ਨੂੰ ਖ਼ਤਮ ਕਰਨਾ, ਇਸ ਵਾਰੇ ਸਵਾਲ ਉਠਾਉਂਦਾ ਹੈ ਕਿ ਕੀ ਵਿੱਤ ਮੰਤਰੀ ਮਹਿੰਗਾਈ-ਅਨੁਕੂਲ ਮੁਨਾਫ਼ੇ ਦੇ ਬੁਨਿਆਦੀ ਆਰਥਿਕ ਸਿਧਾਂਤ ਵਿੱਚ ਵਿਸ਼ਵਾਸ ਨਹੀਂ ਰੱਖਦੇ ਜਾਂ ਇਹ ਹੁਣ ਭਾਰਤ ਵਰਗੇ ਮਹਿੰਗਾਈ ਪ੍ਰਭਾਵਿਤ ਦੇਸ਼ ਵਿੱਚ ਪ੍ਰਸੰਗਿਕ ਨਹੀਂ ਹੈ। ਇੰਡੈਕਸੇਸ਼ਨ ਨੂੰ ਖ਼ਤਮ ਕਰਨ ਦਾ ਮਤਲਬ ਹੈ ਕਿ ਟੈਕਸਦਾਤਾ ਆਪਣੇ ਨਿਵੇਸ਼ ਲਾਭਾਂ ਨੂੰ ਮਹਿੰਗਾਈ ਲਈ ਐਡਜਸਟ ਨਹੀਂ ਕਰ ਸਕਦੇ ਹਨ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਜ਼ਿਆਦਾ ਟੈਕਸ ਦੇਣਾ ਪੈਂਦਾ ਹੈ। ਇਹ ਨਿਵੇਸ਼ਾਂ ’ਤੇ ਉਨ੍ਹਾਂ ਦੇ ਅਸਲ ਰਿਟਰਨ ਨੂੰ ਘਟਾਉਂਦਾ ਹੈ ਅਤੇ ਮਹਿੰਗਾਈ ਦੇ ਦਬਾਅ ਹੇਠ ਆਪਣੀ ਦੌਲਤ ਨੂੰ ਕਾਇਮ ਰੱਖਣਾ ਵਧੇਰੇ ਚੁਣੌਤੀਪੂਰਨ ਬਣਾਉਂਦਾ ਹੈ, ਜੋ ਕਿ ਭਾਰਤ ਵਿੱਚ ਇੱਕ ਲਗਾਤਾਰ ਸਮੱਸਿਆ ਹੈ।

# ਸਾਡਾ ਸਮਾਜ

## ਜ਼ਿੰਦਗੀ ਤੇ ਖੇੜਾ

**ਯਸ਼ਪਾਲ ਮਾਨਵੀ**

ਸ਼ਾਇਦ ਹੀ ਕੋਈ ਮਨੁੱਖ ਹੋਵੇ ਜਿਹੜਾ ਕਦੇ ਨਾ ਖਿਝਿਆ ਹੋਵੇ। ਜਦੋਂ ਕਿਸੇ ਵੀ ਕਾਰਨ ਮਨ ਵਿੱਚ ਖਿਝ ਆ ਜਾਵੇ ਤਾਂ ਮਨ ਬੁੱਝ ਜਾਂਦਾ ਹੈ। ਬਿਲਕੁਲ ਉਵੇਂ ਜਿਵੇਂ ਫੁੱਲ ਮੁਰਝਾਇਆ ਹੋਵੇ। ਜ਼ਿੰਦਗੀ ਦਾ ਸੁਆਦ ਫਿੱਕਾ ਪੈ ਜਾਂਦਾ ਹੈ। ਮੇਰਾ ਇੱਕ ਮਿੱਤਰ ਡਾਕਟਰ ਸੀ। ਉਸ ਨੇ ਆਪਣੇ ਇੱਕ ਸਹਾਇਕ ਦੀ ਗੱਲ ਦੱਸੀ ਜਿਹੜਾ ਹਰ ਵੇਲੇ ਖਿਝਿਆ ਜਿਹਾ ਰਹਿੰਦਾ ਸੀ। ਉਨ੍ਹਾਂ ਦੱਸਿਆ, 'ਮੈਂ ਕਿਹਾ-ਕੋਈ ਗੱਲ ਹੈ ਤਾਂ ਦੱਸ ਐਵੇਂ ਖਿਝਿਆ ਜਿਹਾ ਨਾ ਰਿਹਾ ਕਰ। ਖਿੜਿਆ ਖਿੜਿਆ ਰਿਹਾ ਕਰ। ਗੱਲ ਕਾਹਦੀ ਸੀ ਜ਼ਿੰਦਗੀ ਦਾ ਫਲਸਫਾ ਲਕੋਈ ਬੈਠਾ ਸੀ।' ਇਹ ਮਨੁੱਖ ਦੇ ਸੁਭਾਅ ਦਾ ਮਸਲਾ ਹੈ। ਕਹਿੰਦੇ ਹਨ ਭਾਅ ਬਦਲ ਜਾਂਦੇ ਹਨ, ਸੁਭਾਅ ਨਹੀਂ ਬਦਲਦੇ। ਨਿਰਸੰਦੇਹ ਸੁਭਾਅ 'ਤੇ ਬਹੁਤ ਕੁਝ ਨਿਰਭਰ ਹੁੰਦਾ ਹੈ। ਕਈ ਤਾਂ ਬੁਝੇ ਹੀ ਰਹਿੰਦੇ ਹਨ, ਪਰ ਕਈ ਖੇੜੇ ਵਿੱਚ ਰਹਿੰਦੇ ਹਨ। ਹਾਲਾਂਕਿ ਹਾਲਤ ਦਾ ਫਰਕ ਨਹੀਂ ਹੁੰਦਾ। ਉਰਦੂ ਦਾ ਸ਼ੇਅਰ ਹੈ:

ਹਜ਼ੂਮੇ.ਗਮ ਮੇਰੀ ਫ਼ਿਤਰਤ ਨਹੀਂ ਬਦਲ ਸਕਤੇ  
ਮੇਰੀ ਆਦਤ ਹੈ ਮੁਸਕਰਾਨੇ ਕੀ।

ਪਰ ਤਾਂ ਵੀ ਜ਼ਿੰਦਗੀ ਨੂੰ ਖ਼ੁਸ਼.ਗਵਾਰ ਬਣਾਉਣ ਲਈ ਖਿੜੇ ਰਹਿਣ ਦਾ ਢੰਗ ਸਿੱਖਣਾ ਹੀ ਪਵੇਗਾ। ਭਾਈ ਵੀਰ ਸਿੰਘ ਨੇ 'ਖੇੜਾ' ਨਾਂ ਦੀ ਕਵਿਤਾ ਵਿੱਚ ਬਹੁਤ ਖ਼ੂਬਸੂਰਤ ਸ਼ਬਦ ਮੜ੍ਹੇ ਹਨ:

ਸੁਰਤ ਸਦਾ ਖਿੜਦੀ ਰਹੇ  
ਕਦੇ ਨਾ ਮਿਲੇ ਗੜਾਇ  
ਖੇੜਾ ਛੱਡ ਕੇ ਢੱਠਿਆ  
ਕਿਤੇ ਨਾ ਮਿਲੇ ਟਿਕਾਇ।

ਯਸ਼ਪਾਲ ਮਾਨਵੀ  
ਯਸ਼ਪਾਲ ਮਾਨਵੀ

ਖਿਝੇ ਮਨੁੱਖ ਕੋਲ ਕੋਈ ਨਹੀਂ ਬੈਠਣਾ ਚਾਹੁੰਦਾ। ਇਹ ਵੀ ਤਾਂ ਛੂਤ ਦੇ ਰੋਗ ਵਾਂਗ ਆਪਣਾ ਅਸਰ ਛੱਡਦੀ ਹੈ। ਜ਼ਿੰਦਗੀ ਵਿੱਚ ਬਹੁਤਾ ਸਾਵਧਾਨ ਰਹਿਣਾ ਵੀ ਚੰਗਾ ਨਹੀਂ ਹੁੰਦਾ। ਬੇਫ਼ਿਕਰ ਹੋਣਾ ਲੋੜੀਂਦਾ ਹੈ, ਬੇਪਰਵਾਹੀ ਨਹੀਂ ਚੱਲੇਗੀ। ਬਹੁਤੀ ਸਾਵਧਾਨੀ ਵਿੱਚ ਰਾਹਤ ਦੇ ਪਲ਼ ਨਸੀਬ ਨਹੀਂ ਹੋ ਸਕਦੇ। ਗਿਲ਼ੇ ਸ਼ਿਕਵੇ ਮਨੁੱਖ ਦੀ ਤਾਕਤ ਨੂੰ ਖਾ ਜਾਂਦੇ ਹਨ। ਲੰਘੇ ਵਕਤ ਦੇ ਪਛਤਾਵੇ ਤੇ ਪ੍ਰਛਾਵੇਂ ਮਨੁੱਖ ਨੂੰ ਭੂਤ ਬਣ ਚਿੰਬੜਨ ਦੀ ਕੋਸ਼ਿਸ਼ ਵਿੱਚ ਹੁੰਦੇ ਹਨ। ਲੋੜ ਹੈ ਇਨ੍ਹਾਂ ਪਿਛਾਂਹ ਖਿੱਚੂ ਤਾਕਤਾਂ ਤੋਂ ਮਨ ਨੂੰ ਆਜ਼ਾਦ ਕਰਾਉਣ ਦੀ। ਜ਼ਿੰਦਗੀ ਵਿੱਚ ਖੇੜਾ ਇੱਕ ਸੁਰ ਕੀਤੇ ਬਿਨਾਂ ਨਹੀਂ ਆ ਸਕਦਾ। ਇੱਕਸੁਰਤਾ ਹੀ ਸੰਗੀਤ ਪੈਦਾ ਕਰਦੀ ਹੈ, ਨਹੀਂ ਤਾਂ ਰੌਲਾ ਹੀ ਹੁੰਦਾ ਹੈ। ਪ੍ਰੇਸ਼ਾਨ ਕਰਨ ਵਾਲਾ ਸ਼ੋਰ ਹੁੰਦਾ ਹੈ।

ਖੇੜੇ ਲਈ ਮਨੁੱਖ ਨੂੰ ਇਹ ਧਰਮ ਨਿਭਾਉਣਾ ਪਵੇਗਾ ਕਿ ਉਹ ਮਨ ਅੰਦਰ ਆਪਣੇ ਭਾਂਬੜ ਐਵੇਂ ਨਾ ਬਾਲੀ ਰੱਖੇ ਕਿਸੇ ਨੇੜਲੇ ਸਾਥੀ ਜਾਂ ਮਿੱਤਰ ਪਿਆਰੇ ਨਾਲ ਸਾਂਝੀ ਕਰ ਕੇ ਉਸ ਨੂੰ ਬੁਝਾਵੇ। ਪੰਜਾਬੀ ਵਿੱਚ ਕਹਾਵਤ ਹੈ ਕਿ ਜੇ ਕੋਈ ਨੇੜੇ ਨਹੀਂ ਹੈ ਤਾਂ ਕੰਧ ਨਾਲ ਵੀ ਗੱਲ ਸਾਂਝੀ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਮਨ ਦਾ ਭਾਰ ਹਲਕਾ ਹੋ ਜਾਂਦਾ ਹੈ ਤੇ ਮੱਥੇ ਤੋਂ ਤਿਓੜੀਆਂ ਲਹਿ ਜਾਂਦੀਆਂ ਹਨ। ਖੇੜੇ ਨੂੰ ਜ਼ਿੰਦਗੀ ਵਿੱਚ ਭਰਨਾ ਕਿੰਨਾ ਜ਼ਰੂਰੀ ਹੈ ਇਹ ਰੁੱਖ ਨਾਲ ਸਮਝਦੇ ਹਾਂ। ਜਿੰਨਾ ਚਿਰ ਰੁੱਖ ਹਰਾ ਭਰਾ ਤੇ ਫ਼ਲਦਾਰ ਰਹਿੰਦਾ ਹੈ ਉਸ ਦਾ ਪਾਲਣ ਪੋਸ਼ਣ ਹੁੰਦਾ ਹੈ। ਪਰ ਜਦੋਂ ਤਾਂ ਭਾਈ ਵੀਰ ਸਿੰਘ ਜੀ ਇਉਂ ਕਹਿੰਦੇ ਹਨ:

ਛੱਡਿਆ ਜਦ ਖਿੜਨਾ ਅਸਾਂ  
ਰੰਗ ਰੂਪ ਰਸ ਨਾਲ।  
ਤਦੋਂ ਕੁਹਾੜਾ ਆ ਗਿਆ  
ਫਿਰਿਆ ਸ਼ਾਖੋ ਸ਼ਾਖ  
ਜੜ੍ਹ ਮੂਲੋਂ ਵੱਢ ਸੁੱਟਿਆ  
ਢੇਰੀ ਕੀਤਾ ਖ਼ਾਕ।

ਇਸ ਲਈ ਦੁਬਾਰਾ ਜ਼ਿੰਦਗੀ ਦੀ ਪਾਰੀ ਨਹੀਂ ਮਿਲਣੀ। ਖਿੜੇ ਰਹੋ ਤੇ ਖੇੜੇ ਵੰਡਦੇ ਰਹੋ। 94635-86655

# ਆਪਣੇ ਲਈ ਵੀ ਕੁਝ ਪਲ ਕੱਢੇ ਨੌਕਰੀਪੇਸ਼ਾ ਦੰਪਤੀ

➣ ਜੋਗਿੰਦਰ ਸਿੰਘ (ਪ੍ਰਿੰਸੀਪਲ)

ਵਿਆਹੁਤਾ ਜੀਵਨ ਸਮਾਜ ਦੀ ਆਧਾਰਸ਼ਿਲਾ ਹੈ। ਪੜ੍ਹੇ-ਲਿਖੇ ਸੂਝਵਾਨ, ਸੁੱਘੜ-ਸਿਆਣੇ ਦੰਪਤੀ ਪਾਸੋਂ ਹੀ ਆਦਰਸ਼ ਪਰਿਵਾਰ ਅਤੇ ਸਦਾਚਾਰੀ ਸਮਾਜ ਦੀ ਆਸ ਕੀਤੀ ਜਾ ਸਕਦੀ ਹੈ। ਅਜੋਕੇ ਬਹੁਤੇ ਪਰਿਵਾਰਾਂ ਦੀ ਜੀਵਨ ਤੋਰ ਨੌਕਰੀਪੇਸ਼ਾ ਜੋੜਿਆਂ 'ਤੇ ਆਧਾਰਿਤ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜਿੱਥੇ ਪਤੀ ਪਤਨੀ ਦੋਵੇਂ ਦੈਨਿਕ ਜੀਵਨ 'ਚ, ਕੰਮਕਾਰ ਜਾਂ ਕਾਰ-ਵਿਹਾਰ 'ਚ ਰੁੱਝੇ ਹੁੰਦੇ ਹਨ, ਉਨ੍ਹਾਂ ਨੂੰ ਘਰ ਦਾ ਵਾਤਾਵਰਨ ਜਾਂ ਮਾਹੌਲ ਸੁਖਾਵਾਂ, ਨਿੱਘਾ, ਤਣਾਓ-ਰਹਿਤ ਅਤੇ ਪਿਆਰ ਭਰਿਆ ਬਣਾ ਕੇ ਰੱਖਣ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਪਿਆਰ ਦੀ ਗੰਢ ਦਿਨ ਪ੍ਰਤੀ ਦਿਨ ਪੀਚਵੀਂ ਹੁੰਦੀ ਜਾਏ।

ਸੱਚਾ-ਸੁੱਚਾ ਪਿਆਰ ਸ਼ਾਂਤੀ ਨਾਲ ਧੜਕਣ ਵਾਲੇ ਦਿਲਾਂ ਦਾ ਸਾਜ਼ ਹੈ। ਮਧੁਰਤਾ ਇੱਕ ਮਿੱਠਾ ਮੇਵਾ ਹੈ। ਸਾਂਝ ਇੱਕ ਪੀਚਵੀਂ ਗੰਢ ਹੈ। ਆਦਰ ਇੱਕ ਪਵਿੱਤਰ ਧਾਰਨਾ ਹੈ। ਇੱਕ ਦੂਜੇ ਦੇ ਦਿਲਾਂ 'ਚ ਪ੍ਰਭਾਵੀ ਵਿਚਾਰਾਂ ਨਾਲ ਉੱਤਰਨਾ ਮਾਨਵੀਂ ਕਦਰਾਂ ਕੀਮਤਾਂ ਦੀ ਪਛਾਣ ਹੈ। ਇਨ੍ਹਾਂ ਆਦਰਸ਼ਕ ਗੁਣਾਂ ਦਾ ਦੰਪਤੀ 'ਚ ਬਣੇ ਰਹਿਣਾ ਬੜਾ ਜ਼ਰੂਰੀ ਹੈ। ਇਹ ਸੁਭਾਵਿਕ ਵੀ ਹੈ ਅਤੇ ਕਾਫ਼ੀ ਹੱਦ ਤਕ ਠੀਕ ਵੀ ਹੈ ਕਿ ਬਹੁਤੀ ਵਾਰੀ ਦੰਪਤੀ ਲਈ ਇੱਕ ਦੂਜੇ ਲਈ ਸਮਾਂ ਕੱਢਣਾ ਕੋਈ ਸੌਖਾ ਕੰਮ ਨਹੀਂ। ਪਰ ਇੱਕ ਦੂਜੇ ਦੀਆਂ ਜ਼ਰੂਰੀ ਲੋੜਾਂ ਅਤੇ ਮਜਬੂਰੀਆਂ ਨੂੰ ਸਮਝਣਾ ਅਤੇ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝ ਕੇ ਉਨ੍ਹਾਂ ਦਾ ਸਤਿਕਾਰ ਕਰਨਾ ਬਹੁਤ ਹੀ ਜ਼ਰੂਰੀ ਹੈ। ਇਹ ਠੀਕ ਹੈ ਕਿ ਵਿਹਲ ਦੇ ਪਲਾਂ ਦੀ ਮਿੱਠੀ ਸਾਂਝ, ਪਿਆਰ-ਭਰੀ ਤੱਕਣੀ, ਨੈਣਾਂ 'ਚ ਆਈ ਖ਼ੁਮਾਰੀ ਅਤੇ ਦੋ ਪਿਆਰ 'ਚ ਭਿੱਜੇ ਉਪਮਾ-ਰੂਪੀ ਬੋਲ ਨਾ ਕੇਵਲ ਅੰਤਰੀਵ ਭਾਵਾਂ ਦੀ ਤਰਜਮਾਨੀ ਕਰਦੇ ਹਨ, ਸਗੋਂ ਕਈ ਵਾਰੀ ਜੀਵਨ ਭਰ ਦਾ ਸਹਾਰਾ ਵੀ ਬਣ ਜਾਂਦੇ ਹਨ।

ਜੇ ਪਤੀ ਪਤਨੀ ਦੋਵੇਂ ਹੀ ਰੁਝੇਵੇਂ ਦੀ ਮਾਰ ਥੱਲੇ ਹੋਣ ਅਤੇ ਉਨ੍ਹਾਂ ਕੋਲ ਇੱਕ ਦੂਜੇ ਨਾਲ ਗੱਲਬਾਤ ਕਰਨ ਦਾ, ਦਿਲ ਦੀ ਹਵਾੜ-ਕੱਢਣ ਦਾ, ਦੁੱਖ-ਦਰਦ ਵੰਡਣ ਦਾ ਅਤੇ ਇੱਕ ਦੂਜੇ ਦੀ ਪੀੜ ਚੁੱਗਣ ਦਾ ਸਮਾਂ ਨਾ ਹੋਵੇ ਤਾਂ ਅਜਿਹੀ ਅਵਸਥਾ ਸਮੇਂ ਗੱਲਬਾਤ 'ਚ ਖੱਪਾ ਪੈ ਜਾਂਦਾ ਹੈ। ਦੂਰੀਆਂ, ਮਜਬੂਰੀਆਂ ਅਤੇ ਲਾਚਾਰੀਆਂ ਵੱਧਦੀਆਂ ਜਾਂਦੀਆਂ ਹਨ। ਕਈ ਤਰ੍ਹਾਂ ਦੇ ਸ਼ੰਕੇ ਅਤੇ ਸਵਾਲ ਪੈਦਾ ਹੋ ਜਾਂਦੇ ਹਨ। ਤਰਕ-ਵਿਤਰਕ ਦੀ ਸਥਿਤੀ ਬਣ ਜਾਂਦੀ ਹੈ। ਅਜਿਹੀ ਦਸ਼ਾ 'ਚ, ਜੀਵਨ ਜਾਚ 'ਚ ਕੁਝ ਤਬਦੀਲੀਆਂ ਜ਼ਰੂਰੀ ਹਨ। ਪਿਆਰ ਦੇ ਰਿਸ਼ਤੇ ਨੂੰ ਤਣਾਓ-ਰਹਿਤ ਬਣਾਉਣ ਲਈ ਨੇੜਤਾ, ਸਾਂਝ ਅਤੇ ਦਾਨਸ਼ਮੰਦੀ ਦੀ ਵਧੇਰੇ ਲੋੜ ਹੈ।



ਦੰਪਤੀ ਜੀਵਨ 'ਚ ਮਧੁਰਤਾ, ਮਿਠਾਸ, ਨਿਮਰਤਾ ਅਤੇ ਸਹਿਣਸ਼ੀਲਤਾ ਦਾ ਬਣੇ ਰਹਿਣਾ, ਇਸ ਪੱਖੋਂ ਵੀ ਬਹੁਤ ਜ਼ਰੂਰੀ ਹੈ ਤਾਂ ਜੋ ਦੰਪਤੀ 'ਚ ਸੁਹਿਰਦ ਗੱਲਬਾਤ ਦੀ ਸਥਿਤੀ ਬਣੀ ਰਹੇ। ਇੱਕ ਦੂਜੇ ਲਈ ਸਮਾਂ ਨਾ ਕੱਢਣਾ ਦੋਹਾਂ ਦੇ ਜੀਵਨ ਲਈ ਕਈ ਵਾਰ ਘਾਤਕ ਸਿੱਧ ਹੁੰਦਾ ਹੈ। ਅਜਿਹੀ ਦਸ਼ਾ 'ਚ ਜੀਵਨ ਦੋਹਾਂ ਲਈ ਰੁੱਖਾ, ਨੀਰਸ, ਬੋਝਲ ਅਤੇ ਵਿਅਰਥ ਸਮਝੋ। ਇੱਕ ਦੂਜੇ ਨੂੰ ਸਮਾਂ ਦਿੱਤੇ ਬਿਨਾਂ ਨਾ ਨੇੜਤਾ, ਨਾ ਅਪਣੱਤ, ਨਾ ਦੁੱਖ- ਸੁੱਖ ਦੀ ਸਾਂਝ ਅਤੇ ਨਾ ਹੀ ਇੱਕ ਦੂਜੇ ਲਈ ਹਿਰਖ ਹੁੰਦਾ ਹੈ। ਅਜਿਹੀ ਅਵਸਥਾ 'ਚ ਦੋਵੇਂ ਮਿੱਟੀ ਦੇ ਮਾਧੋ ਪਿਆਰ ਵਿਹੁਣੇ ਜਾਂ ਫਿਰ ਪੱਥਰ ਦੀਆਂ ਮੂਰਤੀਆਂ ਹੁੰਦੇ ਹਨ।

ਨੌਕਰੀ ਪੇਸ਼ਾ ਜੋੜੇ ਨੂੰ ਜੀਵਨ ਸ਼ੈਲੀ 'ਚ ਕੁਝ ਪਰਿਵਰਤਨ ਕਰਨੇ ਜ਼ਰੂਰੀ ਹਨ। ਅਜਿਹੇ ਪਤੀ-ਪਤਨੀ ਲਈ ਜ਼ਰੂਰੀ ਹੈ ਕਿ ਉਹ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਦਫ਼ਤਰ ਦੀਆਂ ਜ਼ਿੰਮੇਵਾਰੀਆਂ ਤੋਂ ਅਲੱਗ ਰੱਖਣ। ਦਫ਼ਤਰ ਦਾ ਕੰਮ ਘਰ ਨਾ ਲਿਆਂਦਾ ਜਾਏ ਤਾਂ ਜੋ ਉਹ ਸਮਾਂ ਨਿੱਜੀ ਜੀਵਨ ਵੱਲ ਦੇ ਕੇ ਹਾਣੀ ਦਾ ਦੁੱਖ-ਦਰਦ ਵੰਡਾ ਕੇ, ਉਸ ਸਮੇਂ ਦਾ ਸਦਉਪਯੋਗ ਕੀਤਾ ਜਾ ਸਕੇ। ਘਰ 'ਚ ਸ਼ਾਦੀਸ਼ੁਦਾ ਜੀਵਨ ਨੂੰ ਪਹਿਲ ਦੇਣੀ, ਦੰਪਤੀ ਦਾ ਸਭ ਤੋਂ ਪਹਿਲਾ ਫ਼ਰਜ਼ ਹੈ। ਪਤੀ-ਪਤਨੀ ਨਿਸ਼ਚਿਤ ਕਰਨ ਕਿ ਉਹ ਘਰ 'ਚ ਸਾਂਝਾ ਲੋੜੀਂਦਾ ਸਮਾਂ ਜ਼ਰੂਰ ਇਕੱਠੇ ਬਿਤਾਉਣਗੇ। ਇੱਕ ਦੂਜੇ ਦੀਆਂ ਲੋੜਾਂ ਸਮਝਣਗੇ ਅਤੇ ਆਪਣੇ ਦਿਲਾਂ ਦੀਆਂ ਧੜਕਣਾਂ ਨੂੰ ਇਕਸੁਰ ਕਰਨਗੇ। ਕੁਝ ਕਹਿਣਗੇ, ਕੁਝ ਸੁਣਨਗੇ, ਕੁਝ ਸਮਝਣਗੇ, ਕੁਝ ਸਮਝਾਉਣਗੇ ਅਤੇ ਪਿਆਰ ਦੀ ਪੀਚਵੀਂ ਗੰਢ ਪਾਉਣਗੇ। ਅਜਿਹੇ ਬਿਤਾਏ ਇਕੱਠੇ ਪਲ਼ ਦੰਪਤੀ ਰਿਸ਼ਤੇ ਦੀ ਥੰਮ੍ਹੀ ਨੂੰ ਕਦੇ ਡੋਲਣ ਨਹੀਂ ਦਿੰਦੇ।



ਹਾਂ, ਸ਼ੱਕ, ਸੰਦੇਹ ਅਤੇ ਵੈਰ-ਵਿਰੋਧ ਦੀ ਭਾਵਨਾ ਕਾਰਨ ਦੰਪਤੀ ਜੀਵਨ ਦੀ ਪਿਆਰ ਦੀ ਥੰਮ੍ਹੀ ਨੂੰ ਸਦਾ ਕਾਂਬਾ ਛਿੜਿਆ ਰਹਿੰਦਾ ਹੈ। ਦੰਪਤੀ ਲਈ ਜੀਵਨ ਦਾ ਰਾਜ਼ ਵੀ ਇਹ ਹੈ ਜੀਵਨ ਦਾ ਸਾਜ਼ ਵੀ ਇਹ ਕਿ ਉਹ ਇੱਕ ਦੂਜੇ ਨੂੰ ਪਿਆਰ ਦੀ ਚਾਸ਼ਨੀ ਚਟਾਈ ਜਾਣ। ਜੀਵਨ 'ਚ ਪੱਤਝੜ ਇਕੱਠੇ ਮਿਲ ਕੇ ਕੱਟਣ ਵਾਲਿਆਂ ਦੇ ਸਵਾਗਤ ਲਈ ਬਹਾਰ ਬਾਹਾਂ ਪਸਾਰੀ ਰੱਖਦੀ ਹੈ।

ਗੱਲ ਚਾਹੇ ਆਰਥਿਕ ਸਮੱਸਿਆ ਦੀ ਹੋਵੇ, ਸਗੇ ਸਬੰਧੀਆਂ ਨਾਲ ਰਿਸ਼ਤੇ ਨਿਭਾਉਣ ਦੀ ਹੋਵੇ, ਬੱਚਿਆਂ ਦੇ ਪਾਲਣ ਪੋਸ਼ਣ ਦੀ ਹੋਵੇ, ਇੱਕ ਦੂਜੇ ਪ੍ਰਤੀ ਸ਼ੱਕੀ ਦ੍ਰਿਸ਼ਟੀ ਦੀ ਹੋਵੇ, ਆਪਸੀ ਵਿਅਰਥ ਬੋਲ ਬੁਲਾਰੇ ਦੀ ਹੋਵੇ ਜਾਂ ਇੱਕ ਦੂਜੇ ਨੂੰ ਅਪਮਾਨਿਤ ਕਰਨ ਬਾਰੇ ਹੋਵੇ, ਆਪਣੇ ਸਾਥੀ ਦੀ ਗੱਲ ਧਿਆਨ ਨਾਲ ਸੁਣੋ, ਸਮਝੋ, ਵਿਚਾਰੋ ਅਤੇ ਉਸ ਦਾ ਉਪਾਅ ਲੱਭੋ। ਆਪਣੀ ਸੋਚ ਨਿਰਪੱਖ, ਉਸਾਰੂ ਅਤੇ ਸਾਰਥਿਕ ਰੱਖਦੇ ਹੋਏ ਕਿਸੇ ਬਹਿਸ 'ਚ ਨਾ ਪਵੋ। ਬਹਿਸ 'ਚ ਉਲਝੇ ਹੋਏ ਪਲ ਨਾ ਕੇਵਲ ਸਮੇਂ ਨੂੰ ਅਣਸੁਖਾਵਾਂ, ਦੁੱਖਦਾਈ ਅਤੇ ਬਦਸੂਰਤ ਬਣਾ ਦਿੰਦੇ ਹਨ, ਸਗੋਂ ਆਪਸੀ ਰੰਜਿਸ਼ ਦੀ ਧਾਰ ਨੂੰ ਹੋਰ ਤੀਖਣ ਕਰ ਦਿੰਦੇ ਹਨ।

ਪਤੀ-ਪਤਨੀ ਦੇ ਸਾਂਝ 'ਚ ਬਿਤਾਏ ਪਲ ਨਾ ਕੇਵਲ ਸੁਖਦਾਈ, ਦਿਲਕਸ਼, ਮਧੁਰ ਅਤੇ ਦਿਲਾਂ 'ਚ ਖਿੱਚ ਪਾਉਣ ਵਾਲੇ ਹੁੰਦੇ ਹਨ, ਸਗੋਂ ਉਹ ਪਤੀ-ਪਤਨੀ ਦੇ ਰਿਸ਼ਤੇ ਨੂੰ ਮਜ਼ਬੂਤ, ਸੁਚੇਰਾ ਅਤੇ ਲੰਮੇਰਾ ਬਣਾ ਦਿੰਦੇ ਹਨ। ਬੇਲੋੜੀ ਬਹਿਸ ਰਿਸ਼ਤੇ ਨੂੰ ਖੋਖਲਾ ਕਰਦੀ ਹੈ। ਮਨਫ਼ੀ ਵਿਚਾਰ ਬੇਗਾਨਗੀ ਜਿਹੀ ਸਥਿਤੀ ਉਤਪੰਨ ਕਰ ਦਿੰਦੇ ਹਨ। ਪ੍ਰਤੀਕੂਲ ਵਿਚਾਰ ਉਪਜ ਕੇ ਜੀਵਨ ਦਾ ਮਜ਼ਾ ਕਿਰਕਿਰਾ ਕਰ ਦਿੰਦੇ ਹਨ। ਅਜਿਹੇ ਵਾਤਾਵਰਨ ਦੇ ਫਲਸਰੂਪ ਪਤੀ-ਪਤਨੀ ਘਰ 'ਚ ਵੀ ਫੁਰਸਤ ਦੇ ਸਮੇਂ ਵੀ ਕਦੇ-ਕਦੇ ਰਹਿੰਦੇ ਹਨ। ਘਰ 'ਚ ਜਦੋਂ ਵੀ ਇੱਕ ਦੂਜੇ ਦਾ ਸਾਥ ਹੋਵੇ, ਘੱਟੋ-ਘੱਟ ਅਜਿਹੇ ਸਮੇਂ ਤਾਂ ਦਿਲਾਂ ਦੀਆਂ ਧੜਕਣਾਂ ਸਾਂਝੀਆਂ ਹੋਣ, ਨੈਣਾਂ 'ਚ ਖੁਮਾਰ ਹੋਵੇ ਅਤੇ ਬੁੱਲ੍ਹਾਂ 'ਤੇ ਮਧੁਰ ਪਿਆਰ ਦੀ ਫੁਹਾਰ ਹੋਵੇ। ਬੇਵਜ੍ਹਾ ਅਤੇ ਬੇਲੋੜੇ ਸਵਾਲ ਖ਼ੂਬਸੂਰਤ ਪਲਾਂ ਨੂੰ ਨਸ਼ਟ ਕਰ ਦਿੰਦੇ ਹਨ। ਨੌਕਰੀਪੇਸ਼ਾ ਦੰਪਤੀ ਨੂੰ ਇਕੱਠਿਆਂ ਸਮਾਂ ਬਿਤਾਉਣ ਦਾ ਸਮਾਂ ਘੱਟ ਹੀ ਮਿਲਦਾ ਹੈ। ਨਿਸ਼ਚੇ ਹੀ ਉਹ ਅਜਿਹੇ ਵਿਹਲ ਦੇ ਸਮੇਂ ਆਪਣਾ ਅਤੇ ਬੱਚਿਆਂ ਦਾ ਭਵਿੱਖ ਉੱਜਲਾ ਅਤੇ ਸੰਤੋਖਜਨਕ ਬਣਾਉਣ ਬਾਰੇ ਸੋਚ ਸਕਦੇ ਹਨ। ਬਸ ਅਜਿਹੀਆਂ ਗੱਲਾਂ 'ਚ ਨਾ ਉਲਝਣ ਜੋ ਰਿਸ਼ਤੇ 'ਚ ਦਰਾਰ ਪੈਦਾ ਕਰਨ।

ਅਗਾਂਹਵਧੂ ਅਤੇ ਉਸਾਰੂ ਵਿਚਾਰਾਂ ਰਾਹੀਂ ਇੱਕ ਦੂਜੇ ਪ੍ਰਤੀ ਵਿਸ਼ਵਾਸ ਪੱਕਾ ਹੁੰਦਾ ਹੈ। ਇਸ ਭਰੋਸੇ ਨੂੰ ਦ੍ਰਿੜ ਕੀਤਾ ਜਾਣਾ ਚਾਹੀਦਾ ਹੈ ਕਿ ਜੀਵਨ ਦੇ ਹਰ ਮੋੜ 'ਤੇ ਉਹ ਦੋਵੇ ਇੱਕ ਦੂਜੇ ਦੇ ਨਾਲ ਹਨ। ਇੱਕ ਦੂਜੇ ਦੀਆਂ ਉਸਾਰੂ ਭਾਵਨਾਵਾਂ ਦਾ ਸਤਿਕਾਰ ਦੰਪਤੀ ਦੀ ਵਾਸਤਵਿਕ ਪੂੰਜੀ ਹੈ। ਪਤੀ-ਪਤਨੀ ਦਾ ਇੱਕ ਦੂਜੇ ਪ੍ਰਤੀ ਸੰਵੇਦਨਸ਼ੀਲ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਦੋਨਾਂ ਨੂੰ ਇਸ ਰਿਸ਼ਤੇ ਦੀ ਕਦਰ ਹੈ ਅਤੇ ਉਹ ਇਸ ਰਿਸ਼ਤੇ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਇਸ ਤਰ੍ਹਾਂ ਰਿਸ਼ਤਾ ਸਦਾ ਨਵਾਂ-ਨਰੋਇਆ ਰਹੇਗਾ ਅਤੇ ਉਸ 'ਚ ਪ੍ਰੇਮ ਵੀ ਬਣਿਆ ਰਹੇਗਾ।

ਸੰਪਰਕ: 90506-80370

# ਤੁਹਾਡੀ ਰਸੋਈ



## ਰਸਗੁੱਲੇ ਦੀ ਰਸਮਲਾਈ

ਅਕਸਰ ਅਜਿਹਾ ਹੁੰਦਾ ਹੈ ਕਿ ਤੁਸੀਂ ਬਾਜ਼ਾਰ ਵਿੱਚੋਂ ਬਹੁਤ ਸਾਰੇ ਰਸਗੁੱਲੇ ਖਰੀਦ ਕੇ ਲੈ ਆਉਂਦੇ ਹੋ ਜਾਂ ਫ਼ਿਰ ਘਰ ਵਿੱਚ ਹੀ ਬਣਾ ਲੈਂਦੇ ਹੋ। ਜ਼ਿਆਦਾ ਖਾਣ ਤੋਂ ਬਾਅਦ ਬਚੇ ਹੋਏ ਰਸਗੁੱਲੇ ਨੂੰ ਕੋਈ ਵੀ ਨਹੀਂ ਖਾ ਪਾਉਂਦਾ ਤਾਂ ਤੁਸੀਂ ਇਨ੍ਹਾਂ ਨੂੰ ਸੁੱਟਣ ਦੀ ਬਜਾਏ ਇਸ ਦੀ ਰਸਮਲਾਈ ਵੀ ਬਣਾ ਸਕਦੇ ਹੋ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਜ਼ਰੂਰੀ ਸਮੱਗਰੀ  
4 ਰਸਗੁੱਲੇ ਨਿਚੋੜ ਕੇ ਰੱਸ ਕੱਢੇ ਹੋਏ  
250 ਗ੍ਰਾਮ ਦੁੱਧ  
2 ਚਮਚ ਖੰਡ  
4-5 ਕੇਸਰ  
1 ਵੱਡਾ ਚਮਚ ਬਾਦਾਮ ਅਤੇ ਪਿਸਤਾ  
2-3 ਬੂੰਦਾਂ ਕੇਵੜਾ ਜਲ

ਬਣਾਉਣ ਦੀ ਵਿਧੀ  
ਕੜਾਈ ਵਿੱਚ ਦੁੱਧ ਅਤੇ ਖੰਡ ਮਿਲਾ ਕੇ ਘੱਟ ਗੈਸ 'ਤੇ ਉਬਾਲਣ ਲਈ ਰੱਖੋ। ਇਸ ਨੂੰ ਹਿਲਾਉਂਦੇ ਹੋਏ ਉਬਾਲੋ ਤਾਂ ਕਿ ਇਹ ਜਲੇ ਨਾ।  
ਜਦੋਂ ਦੁੱਧ ਅੱਧਾ ਹੋ ਜਾਵੇ ਤਾਂ ਇਸ ਵਿੱਚ ਬਾਦਾਮ, ਪਿਸਤਾ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ।  
ਫ਼ਿਰ ਇਸ ਵਿੱਚ ਰੱਸਗੁੱਲੇ, ਕੇਵੜਾ ਜਲ ਅਤੇ ਕੇਸਰ ਮਿਲਾ ਕੇ 15-20 ਮਿੰਟ ਲਈ ਠੰਡਾ ਹੋਮ ਦੇ ਲਈ ਫ਼ਰਿੱਜ਼ ਵਿੱਚ ਰੱਖ ਦਿਓ।



ਤੈਅ ਸਮੇਂ ਤੋਂ ਬਾਅਦ ਫ਼ਰਿੱਜ ਵਿੱਚੋਂ ਕੱਢ ਕੇ ਠੰਡੀ-ਠੰਡੀ ਰਸਮਲਾਈ ਸਰਵ ਕਰੋ ਅਤੇ ਇਸ ਦਾ ਸੁਆਦ ਲਓ।

## ਚਟਪਟੀ ਮਟਰ ਚਾਟ

ਸਮੱਗਰੀ  
2 ਕੱਪ ਸੁੱਕੇ ਮੇਵੇ  
3 ਆਲੂ  
1 ਪਿਆਜ, ਬਾਰੀਕ ਕੱਟਾ ਹੋਈ  
1 ਟਮਾਟਰ, ਬਾਰੀਤ ਕੱਟਿਆ ਹੋਇਆ  
2 ਨਿੰਬੂ  
ਅੱਧਾ ਛੋਟਾ ਚਮਚ ਬੇਕਿੰਗ ਸੋਡਾ



1 ਚੁਟਕੀ ਹਿੰਗ  
1 ਕੱਪ ਇਮਲੀ ਦੀ ਚਟਨੀ  
1 ਕੱਪ ਹਰੀ ਚਟਨੀ  
1 ਚਮਚ ਲਾਲ ਮਿਰਚ ਪਾਊਡਰ  
1 ਚਮਚ ਕਾਲਾ ਨਮਕ  
1 ਚਮਚ ਜੀਰਾ  
ਸੁਆਦ ਮੁਤਾਬਕ ਨਮਕ  
2 ਚਮਚ ਹਰਾ ਧਨੀਆ  
ਸੇਵ ਗਾਰਨਿਸ਼ ਦੇ ਲਈ  
2 ਚਮਚ ਤੇਲ  
1 ਚਮਚ ਚਾਟ ਮਸਾਲਾ  
ਅੱਧਾ ਛੋਟਾ ਚਮਚ ਧਨੀਆ ਪਾਊਡਰ  
1 ਚੋਥਾਈ ਚਮਚ ਲਾਲ ਮਿਰਚ ਪਾਊਡਰ  
1 ਚੋਥਾਈ ਚਮਚ ਅੰਬਚੂਰ  
2-3 ਪਾਪੜੀ

ਬਣਾਉਣ ਦੀ ਵਿਧੀ  
ਸੱਭ ਤੋਂ ਪਹਿਲਾਂ ਮਟਰ ਨੂੰ ਧੋ ਕੇ 5-6 ਘੰਟੇ ਲਈ ਪਾਣੀ ਵਿੱਚ ਭਿਓਂ ਦਿਓ। ਜਦੋਂ ਮਟਰ ਚੰਗੀ ਤਰ੍ਹਾਂ ਨਾਲ ਭਿੱਜ ਜਾਣ ਤਾਂ ਪਾਣ ਕੱਢ ਦਿਓ।  
ਫ਼ਿਰ ਮਟਰਾਂ ਨੂੰ ਇੱਕ ਵਾਰ ਫ਼ਿਰ ਤੋਂ ਧੋ ਕੇ ਪ੍ਰੈਸ਼ਰ ਕੁੱਕਰ ਵਿੱਚ ਮਟਰ, ਥੋੜ੍ਹਾ ਜਿਹਾ ਪਾਣੀ, ਬੇਕਿੰਗ ਸੋਡਾ ਅਤੇ ਹਿੰਗ ਮਿਲਾ ਕੇ 4 ਸੀਟੀਆਂ ਲਗਾ ਲਓ।  
ਫ਼ਿਰ ਫ਼੍ਰਾਈ ਪੈਨ ਵਿੱਚ ਤੇਲ ਪਾਓ ਅਤੇ ਗਰਮ ਹੋਣ ਲਈ ਤੇਜ਼ ਗੈਸ 'ਤੇ ਰੱਖੋ। ਜਦੋਂ ਇਹ ਗਰਮ ਹੋ ਜਾਵੇ ਤਾਂ ਇਸ ਵਿੱਚ ਜੀਰਾ ਅਤੇ ਟਮਾਟਰ ਮਿਲਾ ਕੇ ਮੈਸ਼ ਕਰਦੇ ਹੋਏ ਪਕਾਓ।  
ਫ਼ਿਰ ਇਸ ਵਿੱਚ ਉਬਲੇ ਹੋਏ ਮਟਰ ਅਤੇ ਆਲੂ ਪਾ ਦਿਓ। ਇਸ ਦੇ ਉੱਪਰ ਧਨੀਆ, ਲਾਲ ਮਿਰਚ ਪਾਊਡਰ ਅੰਬਚੂਰ ਪਾਓ ਅਤੇ ਚੰਗੀ ਤਰ੍ਹਾਂ ਮੈਸ਼ ਕਰੋ।  
ਫ਼ਿਰ ਇਸ ਵਿੱਚ ਅੱਧਾ ਕੱਪ ਪਾਣੀ ਪਾਓ ਅਤੇ ਨਮਕ ਪਾ ਕੇ ਪਕਾਓ। ਜਦੋਂ ਪਾਣੀ ਲੱਗਭਗ ਸੁੱਕ ਜਾਵੇ ਤਾਂ ਗੈਸ ਬੰਦ ਕਰ ਦਿਓ।  
ਫ਼ਿਰ ਇੱਕ ਛੋਟੇ ਬਾਊਲ ਵਿੱਚ ਮਟਰ ਚਾਟ ਕੱਢੋ ਅਤੇ ਉੱਪਰ ਪਿਆਜ ਪਾ ਦਿਓ ਨਾਲ ਹੀ ਸਾਰੇ ਮਸਾਲੇ ਅਤੇ ਨਿੰਬੂ ਦਾ ਰਸ ਮਿਲਾ ਕੇ ਜ਼ਰੂਰਤ ਮੁਤਾਬਕ ਇਮਲੀ ਅਤੇ ਹਰੀ ਚਟਨੀ ਵੀ ਪਾਓ।  
ਇਸ 'ਤੇ ਸੇਵ, ਪਾਪੜੀ ਅਤੇ ਹਰਾ ਧਨੀਆ ਪੱਤੀ ਪਾਓ ਅਤੇ ਸਰਵ ਕਰੋ।

## ਚਟਪਟੇ ਫ਼ਰੂਟੀ ਗੋਲਗੱਪੇ

ਗੋਲਗੱਪਿਆਂ ਦਾ ਨਾਂ ਸੁਣਦੇ ਹੀ ਮੂੰਹ 'ਚ ਪਾਣੀ ਆ ਜਾਂਦਾ ਹੈ। ਚਟਪਟੇ ਗੋਲਗੱਪਿਆਂ ਵਿੱਚ ਤੁਸੀਂ ਇਮਲੀ, ਜੀਰਾ, ਪੁਦੀਨਾ ਫ਼ਲੇਵਰ ਤਾਂ ਟੇਸਟ ਕੀਤਾ ਹੋਵੇਗਾ ਪਰ ਇਸ ਵਾਰ ਤੁਸੀਂ ਫ਼ਰੂਟੀ ਫ਼ਲੇਵਰ ਜ਼ਰੂਰ ਟ੍ਰਾਈ ਕਰੋ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ।




ਬਣਾਉਣ ਲਈ ਸਮੱਗਰੀ  
ਗੋਲਗੱਪੇ-10  
ਫ਼ਰੂਟੀ-500 ਮਿ. ਲੀ.  
ਪੁਦੀਨਾ-1/2 ਕੱਪ  
ਹਰਾ ਧਨੀਆ-1/2 ਕੱਪ  
ਹਰੀ ਮਿਰਚ-4  
ਆਮਚੂਰ ਪਾਊਡਰ-2 ਟੇਬਲਸਪੂਨ  
ਇਮਲੀ ਪਲਪ-1 ਟੇਬਲਸਪੂਨ  
ਕਾਲੀ ਮਿਰਚ-1 ਟੀ-ਸਪੂਨ  
ਕਾਲਾ ਨਮਕ-1 ਟੀ-ਸਪੂਨ  
ਭੁੰਨਿਆ ਹੋਇਆ ਜੀਰਾ-1 ਟੀ-ਸਪੂਨ  
ਨਿੰਬੂ ਦਾ ਰਸ-1 ਟੇਬਲਸਪੂਨ

ਬਣਾਉਣ ਦੀ ਵਿਧੀ  
1. ਸਭ ਤੋਂ ਪਹਿਲਾਂ ਪੁਦੀਨਾ, ਧਨੀਆ, ਭੁੰਨਿਆ ਹੋਇਆ ਜੀਰਾ, ਆਮਚੂਰ, ਨਿੰਬੂ ਦਾ ਰਸ, ਕਾਲਾ ਨਮਕ ਅਤੇ ਹਰੀ ਮਿਰਚ ਪਾ ਕੇ ਪੀਸ ਲਓ।  
2. ਹੁਣ ਇਮਲੀ ਦੇ ਪਲਪ ਵਿੱਚ ਫ਼ਰੂਟੀ, ਨਿੰਬੂ ਦਾ ਰਸ, ਕਾਲੀ ਮਿਰਚ ਅਤੇ ਪੀਸੀ ਹੋਈ ਸਮੱਗਰੀ ਪਾ ਕੇ ਮਿਕਸ ਕਰ ਲਓ।  
3. ਗੋਲਗੱਪਿਆਂ ਦਾ ਪਾਣੀ ਤਿਆਰ ਹੈ।

# ਚੰਗੇ ਗੁਆਂਢੀ ਬਣਨਾ ਅਤੇ ਬਣਾਉਣੇ ਕਿਸੇ ਕਲਾ ਤੋਂ ਘੱਟ ਨਹੀਂ

ਸੁਖਮਿੰਦਰ ਸਿੰਘ ਸ਼ਹਿਣਾ



ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਚੀਜ਼ ਨਾਲ ਸਾਡਾ ਰੋਜ਼ਾਨਾ ਵਾਹ ਪੈਂਦਾ ਰਹਿੰਦਾ ਹੈ, ਉਹ ਦੂਜੀਆਂ ਚੀਜ਼ਾਂ ਨਾਲੋਂ ਵੱਧ ਮਹੱਤਵ ਰੱਖਦੀ ਹੈ। ਰਿਸ਼ਤੇਦਾਰ ਤੇ ਹੋਰ ਨਜ਼ਦੀਕੀ ਵੀ ਸਾਡੇ ਆਪਣੇ ਹੀ ਨੇੜਲੇ ਹੁੰਦੇ ਹਨ। ਪਰ ਇਨ੍ਹਾਂ ਤੋਂ ਵੀ ਵੱਧ ਸਾਡਾ ਵਾਹ ਆਪਣੇ ਗੁਆਂਢੀਆਂ ਨਾਲ ਜ਼ਿਆਦਾ ਤੇ ਲਗਾਤਾਰ ਪੈਂਦਾ ਰਹਿੰਦਾ ਹੈ। ਰਿਸ਼ਤੇਦਾਰ ਸਾਨੂੰ ਕਦੇ-ਕਦਾਈਂ ਮਿਲਦੇ ਹਨ ਅਤੇ ਨਜ਼ਦੀਕੀ ਮਿੱਤਰ ਵੀ ਸਾਨੂੰ ਰੋਜ਼ਾਨਾ ਨਹੀਂ ਮਿਲਦੇ ਪਰ ਗੁਆਂਢੀਆਂ ਨਾਲ ਸਾਡਾ ਮੇਲ-ਜੋਲ ਰੋਜ਼-ਰੋਜ਼ ਦਾ ਹੁੰਦਾ ਹੈ। ਸਾਡੇ ਸੱਜੇ-ਖੱਬੇ ਰਹਿੰਦੇ ਗੁਆਂਢੀ ਸਾਡੀ ਸੱਜੀ-ਖੱਬੀ ਬਾਂਹ ਹੁੰਦੇ ਹਨ। ਇਹੀ ਸਾਡੇ ਦੁੱਖ-ਸੁੱਖ ਵਿਚ ਸ਼ਰੀਕ ਹੋਣ ਵਾਲੇ ਸਾਡੇ ਅਸਲੀ ਮਿੱਤਰ ਹੁੰਦੇ ਹਨ। ਜੇ ਅਸੀਂ ਕੁਝ ਕੁ ਗੱਲਾਂ ਨੂੰ ਧਿਆਨ ਨਾਲ ਮੰਨ ਕੇ ਅਤੇ ਸਮਝ ਕੇ ਚੱਲੀਏ ਤਾਂ ਸਾਡੇ ਸਬੰਧ ਗੁਆਂਢੀਆਂ ਨਾਲ ਵਧੀਆ ਅਤੇ ਨਿੱਘੇ ਰਹਿ ਸਕਦੇ ਹਨ ਜਾਂ ਰੱਖੇ ਜਾ ਸਕਦੇ ਹਨ, ਲੋੜ ਸਿਰਫ ਦਿਆਨਤਦਾਰੀ, ਅਪਣੱਤ ਅਤੇ ਆਪਸੀ ਵਿਸ਼ਵਾਸ ਦੀ ਹੁੰਦੀ ਹੈ। ਕਦੇ-ਕਦਾਈਂ ਮੌਕੇ ਮੁਤਾਬਿਕ ਆਪਣੇ ਗੁਆਂਢੀ ਨਾਲ ਪਰਿਵਾਰਕ ਜਾਂ ਕੰਮਕਾਰ ਸਬੰਧੀ ਗੱਲਬਾਤ ਕਰੋ, ਹਾਲ-ਚਾਲ ਪੁੱਛੋ। ਪਰ ਧਿਆਨ ਰਹੇ ਕਿ ਬਹੁਤ ਜ਼ਿਆਦਾ ਮਿਲਣ ਜਾਂ ਉਸ ਦੇ ਕੰਮਕਾਰ ਵਿਚ ਜ਼ਿਆਦਾ ਦਖਲਅੰਦਾਜ਼ੀ ਕਰਨ ਜਾਂ ਦਿਲਚਸਪੀ ਲੈਣ 'ਤੇ ਜਾਂ ਫਿਰ ਬਿਨ ਮੰਗਿਆਂ ਹੀ ਸਲਾਹ ਆਦਿ ਦਿੰਦੇ ਰਹਿਣ ਨਾਲ ਵੀ ਸਬੰਧ ਸੁਖਾਵੇਂ ਨਹੀਂ ਰਹਿੰਦੇ।

ਕਦੇ ਵੀ ਗੁਆਂਢੀ ਨਾਲ ਜਾਤ-ਪਾਤ, ਊਚ-ਨੀਚ, ਗਰੀਬੀ-ਅਮੀਰੀ ਆਦਿ ਪੱਖੋਂ ਆਪਣੇ ਮਨ ਵਿਚ ਗ਼ਲਤ ਖਿਆਲ, ਨਫਰਤ ਜਾਂ ਧਾਰਨਾ ਨਾ ਬਣਾਓ, ਕਿਉਂਕਿ ਅਜਿਹਾ ਕਰਨ ਨਾਲ ਆਪਸੀ ਵਿੱਥ ਵਧਣੀ ਸ਼ੁਰੂ ਹੋ ਜਾਂਦੀ ਹੈ ਅਤੇ ਨੇੜਤਾ ਘਟਣੀ ਸ਼ੁਰੂ ਹੋ ਜਾਂਦੀ ਹੈ। ਇਹ ਅੱਗੇ ਜਾ ਕੇ ਕਿਸੇ ਵੀ ਸਮੇਂ, ਕਿਸੇ ਵੀ ਰੂਪ ਵਿਚ ਤੁਹਾਨੂੰ ਪ੍ਰਭਾਵਿਤ ਕਰ ਸਕਦੀ ਹੈ, ਕਿਉਂਕਿ ਇਹ ਸਬੰਧ ਤਾਂ ਉਮਰਾਂ ਦੇ ਹੁੰਦੇ ਹਨ, ਕੋਈ 4-5 ਦਿਨਾਂ ਜਾਂ ਮਹੀਨਿਆਂ ਦੇ ਨਹੀਂ।

ਹਰੇਕ ਦਾ ਆਪਣਾ-ਆਪਣਾ ਕਿੱਤਾ ਜਾਂ ਕੰਮਕਾਰ ਹੁੰਦਾ ਹੈ। ਸੋ, ਆਪਸੀ ਕਿੱਤਿਆਂ ਨਾਲ ਸਬੰਧਤ ਗੱਲਾਂਬਾਤਾਂ ਜਾਂ ਮੁਸ਼ਕਿਲਾਂ, ਮਸਲਿਆਂ ਬਾਰੇ ਸਲਾਹ-ਮਸ਼ਵਰੇ ਦਿੰਦੇ-ਲੈਂਦੇ ਰਹਿਣਾ ਚਾਹੀਦਾ ਹੈ, ਉਹ ਵੀ ਲੋੜ ਮੁਤਾਬਿਕ ਹੀ। ਅਜਿਹਾ ਕਰਨ ਨਾਲ ਜਿਥੇ ਇਕ-ਦੂਜੇ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦਾ ਮੌਕਾ ਮਿਲਦਾ ਹੈ, ਉਥੇ ਆਪਸੀ ਨੇੜਤਾ ਵੀ ਵਧਦੀ ਹੈ। ਕਦੇ ਵੀ ਕੀਤੇ ਹੋਏ ਕੰਮ ਦਾ ਅਹਿਸਾਸ ਨਾ ਜਤਾਓ, ਆਪਣੇ-ਆਪ ਹੀ ਤੁਹਾਡਾ ਗੁਆਂਢੀ ਇਸ ਨੂੰ ਮਹਿਸੂਸ ਕਰੇਗਾ। ਕਦੇ ਵੀ ਆਪਣੇ ਅਮੀਰ ਗੁਆਂਢੀ ਦੀ ਮੁਕਾਬਲੇਬਾਜ਼ੀ ਵਿਚ ਪੈ ਕੇ ਰੀਸ ਨਾ ਕਰੋ, ਕਿਉਂਕਿ ਅਸਲੀ ਸੁਖ ਅਤੇ ਅਨੰਦ ਤਾਂ ਚਾਦਰ ਦੇਖ ਕੇ ਪੈਰ ਪਸਾਰਨ ਵਿਚ ਹੀ ਮਿਲਦਾ ਹੈ। ਇਨ੍ਹਾਂ ਗੱਲਾਂ ਨੂੰ ਜੇ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਅਪਣਾ ਲਈਏ, ਖ਼ੁਦ ਵਧੀਆ ਬਣਨ ਦੀ ਕੋਸ਼ਿਸ਼ ਕਰਦੇ ਰਹੀਏ ਤਾਂ ਕੁਦਰਤੀ ਹੈ ਕਿ ਸਾਡਾ ਗੁਆਂਢੀ ਵੀ ਸਾਡੇ ਨਾਲ ਉਸ ਤਰ੍ਹਾਂ ਵਿਵਹਾਰ ਕਰੇਗਾ, ਕਿਉਂਕਿ ਅੱਜ ਦੇ ਜ਼ਮਾਨੇ ਵਿਚ ਆਪਣੀ ਹੀ 'ਢਾਈ ਕੁ ਪਾ ਖਿਚੜੀ ਪਕਾਉਂਦੇ ਰਹਿਣ ਨਾਲ' ਸਾਨੂੰ ਹੀ ਨੁਕਸਾਨ ਹੋ ਸਕਦਾ ਹੈ। ਲੋੜ ਹੈ ਆਪਸੀ ਅਪਣੱਤ ਦੀ, ਆਪਸੀ ਵਿਸ਼ਵਾਸ ਦੀ, ਨੇਕ ਭਾਵਨਾ ਦੀ ਅਤੇ ਮਿਲਾਪੜੇ ਸੁਭਾਅ ਦੀ, ਕਿਉਂਕਿ ਗੁਆਂਢੀ ਦੀ ਹੋਂਦ ਆਤਮਾ ਨੂੰ ਬਲ ਬਖਸ਼ਣ ਵਾਲੀ ਹੁੰਦੀ ਹੈ।

94780-67250

# ਬਚੋ ਸਵੇਰ ਦੀ ਭੱਜ-ਦੌੜ ਤੋਂ

ਚਾਹੇ ਤੁਸੀਂ ਘਰੇਲੂ ਔਰਤ ਹੋ ਜਾਂ ਕੰਮਕਾਜੀ ਔਰਤ, ਸਵੇਰ ਦਾ ਸਮਾਂ ਭੱਜ-ਦੌੜ ਦਾ ਸਮਾਂ ਹੁੰਦਾ ਹੈ। ਸਮਾਂ ਵੀ ਤੇਜ਼ ਰਫਤਾਰ ਨਾਲ ਦੌੜਦਾ ਜਾਂਦਾ ਹੈ। ਸਵੇਰ ਦਾ ਨਾਸ਼ਤਾ, ਚਾਹ, ਬੱਚਿਆਂ ਅਤੇ ਪਤੀ ਦਾ ਟਿਫਨ, ਦੁੱਧ, ਬੱਚਿਆਂ ਨੂੰ ਤਿਆਰ ਕਰਕੇ ਸਕੂਲ ਭੇਜਣਾ, ਪਤੀ-ਦੇਵ ਦੇ ਕੱਪੜੇ ਕੱਢਣੇ ਅਤੇ ਜੇਕਰ ਤੁਸੀਂ ਕੰਮਕਾਜੀ ਹੋ ਤਾਂ ਤੁਸੀਂ ਆਪਣੀ ਤਿਆਰੀ ਕਰਨਾ ਆਦਿ।

× ਰਾਤ ਨੂੰ ਸੌਣ ਤੋਂ ਪਹਿਲਾਂ ਬੱਚਿਆਂ ਦੀ ਸਕੂਲ ਡਰੈੱਸ, ਪਤੀ ਦੇ ਦਫ਼ਤਰ ਜਾਣ ਸਮੇਂ ਪਹਿਨਣ ਵਾਲੇ ਕੱਪੜੇ ਅਤੇ ਖ਼ੁਦ ਕੰਮਕਾਜੀ ਹੋਣ 'ਤੇ ਆਪਣੇ ਪਹਿਨਣ ਵਾਲੇ ਕੱਪੜਿਆਂ ਦਾ ਫੈਸਲਾ ਕਰਕੇ, ਕੱਢ ਕੇ ਇਸ ਲਈ ਨਿਸਚਤ ਜਗ੍ਹਾ 'ਤੇ ਰੱਖ ਦਿਓ। ਬੱਚਿਆਂ ਦੀ ਜੁੱਤੀ, ਬੈਲਟ, ਟਾਈ ਆਦਿ ਵੀ ਨਾਲ ਰੱਖ ਦਿਓ।

× ਬੱਚਿਆਂ ਨੂੰ ਸਿਖਾਓ ਕਿ ਸਕੂਲ ਤੋਂ ਆਉਣ 'ਤੇ ਬੱਚੇ ਆਪਣਾ ਬੈਗ, ਬੋਤਲ ਅਤੇ ਆਪਣੇ ਕੱਪੜੇ ਇਕ ਨਿਸਚਤ ਜਗ੍ਹਾ 'ਤੇ ਰੱਖਣ।

× ਰਾਤ ਨੂੰ ਸੌਣ ਤੋਂ ਪਹਿਲਾਂ ਜਾਂਚ ਲਓ ਕਿ ਕੱਪੜਿਆਂ ਦੇ ਬਟਨ ਠੀਕ-ਠਾਕ ਹਨ ਅਤੇ ਪ੍ਰੈੱਸ ਠੀਕ ਹੈ ਜਾਂ ਨਹੀਂ। ਲੋੜ ਹੋਣ 'ਤੇ ਰਾਤ ਨੂੰ ਠੀਕ ਕਰਕੇ ਹੀ ਸੌਂਵੋਂ।

× ਬੱਚਿਆਂ ਅਤੇ ਪਤੀ ਨੂੰ ਆਦਤ ਪਾਓ ਕਿ ਛੋਟੇ-ਛੋਟੇ ਕੰਮ ਖ਼ੁਦ ਕਰਨ। ਤੁਹਾਡੇ 'ਤੇ ਜ਼ਿਆਦਾ ਬੋਝ ਨਾ ਪਾਉਣ। ਬੱਚਿਆਂ ਨੂੰ ਜਦੋਂ ਤੁਸੀਂ ਹੋਮਵਰਕ ਕਰਵਾ ਰਹੇ ਹੋ ਤਾਂ ਨਾਲ-ਨਾਲ ਰਾਤ ਦਾ ਖਾਣਾ ਵੀ ਦੇਖ ਲਓ। ਸਮਾਂ ਹੋਣ 'ਤੇ ਸਵੇਰੇ ਕੀ ਬਣਾਉਣਾ ਹੈ, ਇਸ ਦਾ ਫੈਸਲਾ ਕਰਕੇ ਥੋੜ੍ਹੀ ਤਿਆਰੀ ਕਰ ਲਓ, ਜਿਸ ਨਾਲ ਸਵੇਰੇ ਤੁਹਾਡਾ ਸਮਾਂ ਖਰਾਬ ਨਹੀਂ ਹੋਵੇਗਾ। ਹੋਮਵਰਕ ਖਤਮ ਹੋਣ 'ਤੇ ਬੱਚਿਆਂ ਨੂੰ ਬੈਗ ਪੈਕ ਕਰਨ ਲਈ ਕਹੋ। ਉਨ੍ਹਾਂ ਨੂੰ ਪੈਨਸਿਲ, ਰਬੜ ਸੰਭਾਲ ਕੇ ਰੱਖਣ ਨੂੰ ਕਹੋ ਅਤੇ ਪੈਨਸਿਲ ਜੇ ਸ਼ਾਰਪ ਕਰਨੀ ਹੋਵੇ ਤਾਂ ਕਰਵਾ ਕੇ ਪੈਨਸਿਲ ਬਾਕਸ ਵਿਚ ਰਖਵਾਓ।

× ਬੱਚਿਆਂ ਅਤੇ ਪਤੀ ਦੇ ਟਿਫਨ ਰਾਤ ਨੂੰ ਸਾਫ਼ ਕਰਕੇ, ਪੂੰਝ ਕੇ ਰੱਖ ਦਿਓ।

× ਸਵੇਰੇ ਬੱਚਿਆਂ ਨੇ ਨਾਸ਼ਤੇ ਵਿਚ ਕੀ ਸਕੂਲ ਲੈ ਕੇ ਜਾਣਾ ਹੈ, ਰਾਤ ਨੂੰ ਹੀ ਤੈਅ ਕਰਕੇ ਸੌਂਵੋਂ।

× ਰਾਤ ਨੂੰ ਟੀ. ਵੀ. ਦੇਖਦੇ ਸਮੇਂ ਸਬਜ਼ੀ ਅਤੇ ਮਸਾਲੇ ਲਈ ਪਿਆਜ਼, ਟਮਾਟਰ, ਅਦਰਕ, ਲਸਣ ਚੀਰ ਕੇ ਰੱਖ ਲਓ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ 'ਚ ਠੀਕਰੀ ਪਹਿਰੇ ਲਗਾਉਣ ਦੇ ਹੁਕਮ ਜਾਰੀ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਅੰਦਰ ਪੈਂਦੇ ਪਿੰਡਾਂ, ਰੇਲਵੇ ਟਰੈਕ, ਨਹਿਰਾਂ ਦੇ ਪੁਲ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ, ਰਜਬਾਹੇ, ਇੰਡੀਅਨ ਆਇਲ ਪਾਈਪ ਲਾਈਨ, ਅਹਿਮ ਪਲਾਂਟ, ਗੈਸ ਪਾਈਪ ਲਾਈਨ ਦੀ ਪ੍ਰਾਪਰਟੀ ਅਤੇ ਬਿਜਲੀ ਦੀਆਂ ਟਰਾਂਸਮਿਸ਼ਨ ਲਾਈਨਾਂ, ਅਨਾਜ ਦੇ ਭੰਡਾਰ, ਪੈਟਰੋਲ ਪੰਪ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪੈਂਦੇ ਬੈਂਕ, ਡਾਕਖਾਨਿਆਂ, ਸਰਕਾਰੀ/ਗੈਰ ਸਰਕਾਰੀ ਪ੍ਰਾਪਰਟੀ ਆਦਿ 'ਤੇ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਬਾਲਗ ਵਿਅਕਤੀਆਂ ਨੂੰ ਠੀਕਰੀ ਪਹਿਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਆਦੇਸ਼ ਦਿੱਤੇ ਹਨ ਕਿ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਬਾਲਗ ਵਿਅਕਤੀ ਬਿਜਲੀ ਸਟੇਸ਼ਨ ਅਤੇ ਸਪਲਾਈ ਲਾਈਨਾਂ, ਰੇਲ ਪਟੜੀਆਂ, ਜਲ ਸਪਲਾਈ ਸਕੀਮਾਂ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ ਨੂੰ ਨੁਕਸਾਨ ਪਹੁੰਚਾਣ ਤੋਂ ਬਚਾਉਣ ਲਈ ਅਤੇ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਠੀਕਰੀ ਪਹਿਰੇ ਲਗਾ ਕੇ ਡਿਊਟੀ ਨਿਭਾਉਣਗੇ। ਇਹ ਹੁਕਮ 5 ਅਕਤੂਬਰ 2024 ਤੱਕ ਲਾਗੂ ਰਹਿਣਗੇ।

**ਧਾਰਮਿਕ ਸਥਾਨਾਂ 'ਤੇ ਠੀਕਰੀ ਪਹਿਰੇ ਲਗਾਉਣ ਸਬੰਧੀ ਹੁਕਮ ਜਾਰੀ:**

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਮੈਡਮ ਕੰਚਨ ਨੇ ਪਟਿਆਲਾ ਜ਼ਿਲ੍ਹੇ ਦੀ ਹਦੂਦ ਅੰਦਰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਵਿੱਚ ਸਮੂਹ ਧਾਰਮਿਕ ਸਥਾਨਾਂ 'ਤੇ ਠੀਕਰੀ ਪਹਿਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਅਤੇ ਧਾਰਮਿਕ ਸਥਾਨਾਂ ਦੀਆਂ ਕਮੇਟੀਆਂ/ਬੋਰਡਾਂ/ਟਰੱਸਟ ਦੇ ਮੁਖੀਆਂ ਨੂੰ ਠੀਕਰੀ ਪਹਿਰਾ ਲਗਾਉਣ ਦੀ ਜ਼ਿੰਮੇਵਾਰੀ ਲਗਾਈ ਹੈ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਕਤੂਬਰ 2024 ਤੱਕ ਲਾਗੂ ਰਹਿਣਗੇ।

# 2400 ਕਿਲੋਮੀਟਰ ਜ਼ਮੀਨਦੋਜ਼ ਪਾਈਪਲਾਈਨਾਂ ਵਿਛਾ ਕੇ 30,000 ਹੈਕਟੇਅਰ ਤੋਂ ਵੱਧ ਰਕਬੇ ਦੀਆਂ ਸਿੰਜਾਈ ਲੋੜਾਂ ਪੂਰੀਆਂ ਕੀਤੀਆਂ: ਚੇਤਨ ਸਿੰਘ ਜੌੜਾਮਾਜਰਾ

**ਚੰਡੀਗੜ੍ਹ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਭੂਮੀ ਤੇ ਜਲ ਸੰਭਾਲ ਅਤੇ ਜਲ ਸਰੋਤ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਇਥੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਿੰਜਾਈ ਲਈ ਨਹਿਰੀ ਪਾਣੀ ਦੀ ਮੰਗ ਪੂਰੀ ਕਰਨ ਦੇ ਨਾਲ-ਨਾਲ ਸੂਬੇ ਵਿੱਚ ਪਾਣੀ ਦੀ ਕਮੀ ਨਾਲ ਨਜਿੱਠਣ ਅਤੇ ਟਿਕਾਊ ਖੇਤੀ ਗਤੀਵਿਧੀਆਂ ਨੂੰ ਹੁਲਾਰਾ ਦੇਣ ਲਈ ਠੋਸ ਉਪਰਾਲੇ ਕਰ ਰਹੀ ਹੈ।

ਸ. ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਸਿੰਜਾਈ ਲਈ ਟੇਲਾਂ ਤੱਕ ਪਾਣੀ ਪਹੁੰਚਾਉਣ ਵਾਸਤੇ ਭੂਮੀ ਅਤੇ ਜਲ ਸੰਭਾਲ ਵਿਭਾਗ ਵੱਲੋਂ 2400 ਕਿਲੋਮੀਟਰ ਜ਼ਮੀਨਦੋਜ਼ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ, ਜਿਸ ਨਾਲ ਸੂਬੇ ਦੇ 30,282 ਹੈਕਟੇਅਰ ਰਕਬੇ ਨੂੰ ਫ਼ਾਇਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਤਹਿਤ ਕਿਸਾਨ ਸਮੂਹਾਂ ਲਈ 90 ਫ਼ੀਸਦੀ ਸਬਸਿਡੀ ਅਤੇ ਵਿਅਕਤੀਗਤ ਕਿਸਾਨਾਂ ਲਈ 50 ਫ਼ੀਸਦੀ ਸਬਸਿਡੀ ਦੀ ਸਹੂਲਤ ਦਿੱਤੀ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਵਾਸਤੇ ਕੁਸ਼ਲ ਜਲ ਸਿੰਜਾਈ ਪ੍ਰਣਾਲੀਆਂ ਤਹਿਤ ਲਗਭਗ 6,000 ਹੈਕਟੇਅਰ ਰਕਬਾ ਤੁਪਕਾ ਅਤੇ ਫੁਹਾਰਾ ਸਿੰਜਾਈ ਪ੍ਰਣਾਲੀਆਂ ਅਧੀਨ ਲਿਆਂਦਾ ਗਿਆ ਹੈ ਜਿਸ ਲਈ 90 ਫ਼ੀਸਦੀ ਤੱਕ ਸਬਸਿਡੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਟੇਲਾਂ ਤੱਕ ਪਾਣੀ ਪਹੁੰਚਾਉਣ ਲਈ 15,914 ਖਾਲ ਬਹਾਲ ਕੀਤੇ ਗਏ ਹਨ, ਜੋ ਸਰਕਾਰ ਦੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਚਾਰ ਦਹਾਕਿਆਂ ਵਿੱਚ ਪਹਿਲੀ ਵਾਰ 20 ਨਹਿਰਾਂ ਵਿੱਚੋਂ ਪਾਣੀ ਵਗਿਆ ਹੈ, ਜਿਸ ਨਾਲ 916 ਮਾਈਨਰਾਂ ਅਤੇ ਖਾਲਿਆਂ ਵਿੱਚ ਪਾਣੀ ਆਇਆ ਹੈ। ਉਨ੍ਹਾਂ ਦੱਸਿਆ ਕਿ ਕੁਝ ਖੇਤਰਾਂ ਨੂੰ ਤਾਂ 35-40 ਸਾਲਾਂ ਬਾਅਦ ਸਿੰਜਾਈ ਲਈ ਪਾਣੀ ਨਸੀਬ ਹੋਇਆ ਹੈ, ਜੋ ਲੰਬੇ ਸਮੇਂ ਤੋਂ ਸੁੱਕੀਆਂ ਪਈਆਂ ਜ਼ਮੀਨਾਂ ਲਈ ਇੱਕ ਵੱਡੀ ਰਾਹਤ ਹੈ।

ਡਾਰਕ ਜ਼ੋਨ ਅਧੀਨ ਸੂਬੇ ਦੇ 150 ਵਿੱਚੋਂ 114 ਬਲਾਕ ਹੋਣ ਦੇ ਮੱਦੇਨਜ਼ਰ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਕਮੀ ਦੇ ਗੰਭੀਰ ਮੁੱਦੇ ਬਾਰੇ ਗੱਲ ਕਰਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਦਿਸ਼ਾ ਵਿੱਚ ਬਹੁ-ਪੱਖੀ ਪਹੁੰਚ ਅਪਣਾਉਂਦਿਆਂ ਧਰਤੀ ਹੇਠਲੇ ਪਾਣੀ ਦੀ ਕੁਸ਼ਲ ਵਰਤੋਂ ਲਈ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿੱਚ ਨਹਿਰੀ ਅਤੇ ਉਪ-ਸਤਹੀ ਜਲ ਸਰੋਤਾਂ ਦੀ ਸੁਚੱਜੀ ਵਰਤੋਂ, ਨਵੀਆਂ ਸਕੀਮਾਂ, ਬਜਟ ਵਿੱਚ ਵਾਧੇ ਅਤੇ ਸਮੇਂ ਸਿਰ ਫੰਡ ਜਾਰੀ ਕਰਨਾ ਸ਼ਾਮਲ ਹੈ।



ਸ. ਜੌੜਾਮਾਜਰਾ ਨੇ ਦੱਸਿਆ ਕਿ ਨਹਿਰੀ ਪਾਣੀ ਦੀ ਬਦਲਵੀਂ ਵਰਤੋਂ ਨੂੰ ਉਤਸ਼ਾਹਿਤ ਕਰਨ ਵਾਸਤੇ ਸੀਵਰੇਜ ਟ੍ਰੀਟਮੈਂਟ ਪਲਾਂਟਾਂ ਤੋਂ 300 ਐਮ.ਐਲ.ਡੀ. (ਮਿਲੀਅਨ ਲੀਟਰ ਪ੍ਰਤੀ ਦਿਨ) ਪਾਣੀ ਦੀ ਸਿੰਜਾਈ ਲਈ ਵਰਤੋਂ ਵਾਸਤੇ 28 ਜ਼ਮੀਨਦੋਜ਼ ਪਾਈਪਲਾਈਨ ਆਧਾਰਤ ਸਿੰਜਾਈ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਕਦਮ ਸਤਹੀ ਪਾਣੀ ਦੇ ਬਦਲਵੇਂ ਸਰੋਤਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰ ਰਿਹਾ ਹੈ। ਇਸ ਤੋਂ ਇਲਾਵਾ 125 ਪਿੰਡਾਂ ਵਿੱਚ ਸੋਲਰ-ਲਿਫਟ ਸਿੰਜਾਈ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ ਤਾਂ ਜੋ ਸਿੰਜਾਈ ਲਈ ਛੱਪੜ ਦੇ ਪਾਣੀ ਦੀ ਵਰਤੋਂ ਕੀਤੀ ਜਾ ਸਕੇ, ਜਿਸ ਨਾਲ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟੇਗੀ।

ਉਨ੍ਹਾਂ ਦੱਸਿਆ ਕਿ ਨੀਮ ਪਹਾੜੀ ਕੰਢੀ ਖੇਤਰ ਵਿੱਚ ਬਰਸਾਤੀ ਪਾਣੀ ਦੀ ਸੰਭਾਲ, ਮਿੱਟੀ ਦੇ ਖੁਰਣ ਨੂੰ ਰੋਕਣ ਅਤੇ ਹੜ੍ਹਾਂ ਤੋਂ ਬਚਾਅ ਲਈ 160 ਵਾਟਰ ਹਾਰਵੈਸਟਿੰਗ-ਕਮ-ਰੀਚਾਰਜਿੰਗ ਢਾਂਚੇ ਅਤੇ ਚੈਕ ਡੈਮ ਉਸਾਰੇ ਗਏ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਜ਼ਮੀਨਦੋਜ਼ ਪਾਈਪਲਾਈਨ ਆਧਾਰਤ ਸਿੰਜਾਈ ਨੈਟਵਰਕ ਦੇ ਵਿਸਥਾਰ ਲਈ ਨਾਬਾਰਡ ਦੇ 277.57 ਕਰੋੜ ਰੁਪਏ ਦੀ ਫੰਡਿੰਗ ਵਾਲੇ ਦੋ ਪ੍ਰਾਜੈਕਟ ਵੀ ਸ਼ੁਰੂ ਕੀਤੇ ਹਨ, ਜਿਸ ਨਾਲ 40,000 ਹੈਕਟੇਅਰ ਤੋਂ ਵੱਧ ਰਕਬੇ ਨੂੰ ਲਾਭ ਹੋਵੇਗਾ।

ਸ. ਜੌੜਾਮਾਜਰਾ ਨੇ ਦੱਸਿਆ ਕਿ ਕਿਸਾਨ ਭਾਈਚਾਰੇ ਨੂੰ ਸਿੱਧੇ ਤੌਰ 'ਤੇ ਲਾਭ ਪਹੁੰਚਾਉਣ ਲਈ ਸੂਬੇ ਵਿੱਚ ਪਹਿਲੀ ਵਾਰ ਨਹਿਰਾਂ ਅਤੇ ਪਿੰਡਾਂ ਦੇ ਛੱਪੜਾਂ ਤੋਂ ਸਤਹੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ, ਚੈਕ ਡੈਮਾਂ ਦੀ ਉਸਾਰੀ, ਮਿੱਟੀ/ਭੌਂ ਸੁਰੱਖਿਆ ਅਤੇ ਫਲੱਡ ਪਰੂਫਿੰਗ (ਹੜ੍ਹਾਂ ਤੋਂ ਬਚਾਅ), ਮੀਂਹ ਦੇ ਪਾਣੀ ਲਈ ਰੂਫ-ਟਾਪ ਰੀਚਾਰਜਿੰਗ ਢਾਂਚੇ ਦੀ ਸਥਾਪਨਾ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ।

# ਖੇਤੀਬਾੜੀ ਵਿਭਾਗ ਨੇ ਪਰਾਲੀ ਪ੍ਰਬੰਧ ਸਬੰਧੀ ਬਲਾਕ ਪੱਧਰੀ ਜਾਗਰੂਕਤਾ ਕੈਂਪ ਲਗਾਇਆ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਬਲਾਕ ਨਾਭਾ ਦੇ ਪਿੰਡ ਆਲੋਵਾਲ ਵਿਖੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ।

ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਅਗਸਤ ਮਹੀਨੇ ਵਿਚ ਹਰੇਕ ਬਲਾਕ ਵਿਚ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ ਅਤੇ ਇਹਨਾਂ ਕੈਂਪਾਂ ਵਿਚ ਅਗਾਂਹਵਧੂ ਕਿਸਾਨ ਦੂਜੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਜਾਗਰੂਕ ਕਰ ਰਹੇ ਹਨ। ਉਹਨਾਂ ਦੱਸਿਆ ਕਿ ਇਹਨਾਂ ਕੈਂਪਾਂ ਤੋਂ ਇਲਾਵਾ ਜ਼ਿਲ੍ਹੇ ਵਿਚ ਸਕੂਲਾਂ ਦੇ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇਗਾ ਅਤੇ ਹਰੇਕ ਪਿੰਡ ਵਿਚ ਪਰਾਲੀ ਪ੍ਰਬੰਧਨ ਸਬੰਧੀ ਵਾਲ ਪੇਂਟਿੰਗਜ ਕੀਤੀਆਂ ਜਾਣਗੀਆਂ ਅਤੇ ਕਿਸਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਿਟਰੇਚਰ ਵੰਡ ਕੇ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ।

ਇਸ ਮੌਕੇ ਉਹਨਾਂ ਨੇ ਸੀ.ਆਰ.ਐਮ. ਸਕੀਮ ਅਧੀਨ ਸਬਸਿਡੀ ਉੱਪਰ ਦਿੱਤੀਆਂ ਜਾਣ ਵਾਲੀਆਂ ਮਸ਼ੀਨਾਂ ਅਤੇ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਸਬੰਧੀ ਤਕਨੀਕੀ ਨੁਕਤੇ ਸਾਂਝੇ ਕੀਤੇ। ਪਿੰਡ ਦੇ ਅਗਾਂਹਵਧੂ ਕਿਸਾਨ ਰਾਮ ਸਿੰਘ, ਦਲਜਿੰਦਰ ਸਿੰਘ, ਪਰਮਜੀਤ ਸਿੰਘ, ਰਣਜੋਧ ਸਿੰਘ, ਧਰਮਜੀਤ ਸਿੰਘ ਅਤੇ ਨਰਿੰਦਰ ਸਿੰਘ ਨੇ ਹਾਜ਼ਰ ਹੋਰ ਕਿਸਾਨਾਂ ਨਾਲ ਸਿੱਧੀ ਬਿਜਾਈ ਅਤੇ ਪਰਾਲੀ ਨੂੰ ਖੇਤਾਂ ਵਿਚ ਵਰਤਣ ਲਈ ਆਪਣੇ ਤਜਰਬੇ ਸਾਂਝੇ ਕੀਤੇ। ਇਹਨਾਂ ਕੈਂਪਾਂ ਵਿਚ ਖੇਤੀਬਾੜੀ ਵਿਕਾਸ ਅਫ਼ਸਰ ਡਾ. ਜਸਪ੍ਰੀਤ ਸਿੰਘ ਢਿੱਲੋਂ, ਡਾ. ਗਰੀਮਾ ਅਤੇ ਡਾ. ਰਸ਼ਪਿੰਦਰ ਸਿੰਘ ਨੇ ਹਾਜ਼ਰ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਵਿਚ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ। ਇਹ ਕੈਂਪ ਵਿਚ ਖੇਤੀਬਾੜੀ ਵਿਕਾਸ ਅਫ਼ਸਰ ਡਾ. ਅਮਨਦੀਪ ਕੌਰ ਨੇ ਕੈਂਪ ਵਿਚ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੇ ਸੈਂਪਲ ਟੈਸਟ ਕਰਵਾਉਣ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਟੈਸਟ ਦੀ ਰਿਪੋਰਟ ਅਨੁਸਾਰ ਕਿਸਾਨ ਖਾਦਾਂ ਦੀ ਸੁਚੱਜੀ ਵਰਤੋਂ ਕਰਨ। ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੁਰਮੇਲ ਸਿੰਘ ਨੇ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਅਧੀਨ ਦਿੱਤੀਆਂ ਜਾਣ ਵਾਲੀਆਂ ਇਨਪੁਟਸ ਬਾਰੇ ਦੱਸਿਆ ਅਤੇ ਕਿਸਾਨਾਂ ਨੂੰ ਮੱਕੀ ਦੀ ਕਾਸ਼ਤ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ। ਖੇਤੀਬਾੜੀ ਵਿਸਥਾਰ ਅਫ਼ਸਰ ਡਾ. ਰਵਿੰਦਰਪਾਲ ਸਿੰਘ ਚੱਠਾ ਨੇ ਕਿਸਾਨਾਂ ਨੂੰ ਕੇਂਦਰੀ ਪ੍ਰਾਯੋਜਿਤ ਸਕੀਮਾਂ ਤਹਿਤ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਮਸ਼ੀਨਾਂ ਉੱਪਰ ਮਿਲਣ ਵਾਲੀ ਸਬਸਿਡੀ ਬਾਰੇ ਅਤੇ ਪੀ.ਐਮ.ਕਿਸਾਨ ਨਿਧੀ ਸਕੀਮ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਖੇਤੀਬਾੜੀ ਵਿਭਾਗ ਦੇ ਬੀ.ਟੀ.ਐਮ. ਸੁਰਿੰਦਰ ਕੁਮਾਰ, ਏ.ਟੀ.ਐਮ. ਜਸਵੀਰ ਦਾਸ ਅਤੇ ਹਰਪਿੰਦਰ ਸਿੰਘ ਨੇ ਹਾਜ਼ਰ ਕਿਸਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤਾਂ ਵਿਚ ਛਾਂ ਵਾਲੇ ਬੂਟੇ ਦੇ ਕੇ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਲਈ ਸਹਿਯੋਗ ਦੇਣ ਲਈ ਕਿਹਾ।

# ਸੀਨੀਅਰ ਪੱਤਰਕਾਰ ਮਾਸਟਰ ਸਰਬਜੀਤ ਸਿੰਘ ਸੈਣੀ ਨੂੰ ਸਦਮਾ, ਪਿਤਾ ਸਵਰਗਵਾਸ

**ਸ੍ਰੀ ਅਨੰਦਪੁਰ ਸਾਹਿਬ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਪ੍ਰਾਇਮਰੀ ਸਕੂਲ ਜਿਓਵਾਲ ਦੇ ਹੈਡ ਟੀਚਰ ਅਤੇ ਪਿੰਡ ਨਿੱਕੂਵਾਲ ਦੇ ਵਸਨੀਕ ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਸੈਣੀ ਦੇ ਪਿਤਾ ਸ. ਪਿਆਰਾ ਸਿੰਘ (70) ਸੇਵਾ ਮੁਕਤ ਮੁਲਾਜ਼ਮ ਬੀ ਬੀ ਐਮ ਬੀ ਗੰਗੂਵਾਲ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ ਜਿੰਨਾਂ ਦਾ ਦਾਹ ਸਸਕਾਰ ਅੱਜ ਚਰਨ ਗੰਗਾ ਸ਼ਮਸ਼ਾਨ ਘਾਟ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸ. ਪਿਆਰਾ ਸਿੰਘ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਅਤੇ ਬਿਮਾਰੀ ਦੇ ਚਲਦਿਆਂ ਹੀ ਅੱਜ ਸਵੇਰੇ ਪਰਮਾਰ ਹਸਪਤਾਲ ਰੂਪਨਗਰ ਵਿਖੇ ਉਹਨਾਂ ਅੰਤਿਮ ਸਾਹ ਲਏ। ਸੀਨੀਅਰ ਪੱਤਰਕਾਰ ਮਾਸਟਰ ਸਰਬਜੀਤ ਸਿੰਘ ਸੈਣੀ ਨਾਲ ਇਲਾਕੇ ਦੀਆਂ ਵੱਖ ਵੱਖ ਸ਼ਖ਼ਸ਼ੀਅਤਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ



ਕੀਤਾ ਗਿਆ। ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਪ੍ਰਿੰਸੀਪਲ ਅਵਤਾਰ ਸਿੰਘ ਦੜੌਲੀ, ਬੀਪੀਈਓ ਇੰਦਰਪਾਲ ਸਿੰਘ ਕੀਰਤਪੁਰ ਸਾਹਿਬ, ਅਨਿਲ ਕੁਮਾਰ ਡੀਈਓ ਦਫਤਰ, ਸੁਨੀਲ ਕੁਮਾਰ, ਕੁਲਵੰਤ ਸਿੰਘ, ਸ਼ਿਵਰਾਜ ਸਿੰਘ ,ਪੱਤਰਕਾਰ ਜਰਨੈਲ ਸਿੰਘ ਹਰੀਵਾਲ,ਲੈਕਚਰਾਰ ਗੁਰਚਰਨ ਸਿੰਘ ਅਰੋੜਾ, ਵਰੁਣ ਕੁਮਾਰ, ਹਰਪ੍ਰੀਤ ਸਿੰਘ, ਸਤਨਾਮ ਸਿੰਘ ਅਰੋੜਾ ਆਦਿ ਹਾਜ਼ਰ ਸਨ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ 9 ਅਗਸਤ ਨੂੰ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵਿਖੇ ਪਲੇਸਮੈਂਟ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਅਧਿਕਾਰੀ ਨੇ ਦੱਸਿਆ ਕਿ ਮਿਤੀ 9 ਅਗਸਤ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਟਰੂ ਲਕਸ਼ਮੀ ਆਰਾਜੈਲਰੀ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਸੇਲਜ਼ ਅਫ਼ਸਰ, ਸੀਨੀਅਰ ਸੇਲਜ਼ ਅਫ਼ਸਰ ਅਤੇ ਸੇਲਜ਼ ਮੈਨੇਜਰ ਦੀਆਂ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ।

ਚਾਹਵਾਨ ਅਤੇ ਯੋਗ ਉਮੀਦਵਾਰ ਲੜਕੇ ਤੇ ਲੜਕੀਆਂ ਜਿਨ੍ਹਾਂ ਦੀ ਵਿੱਦਿਅਕ ਯੋਗਤਾ ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਪਾਸ ਅਤੇ ਸੇਲਜ਼ ਅਫ਼ਸਰ, ਸੀਨੀਅਰ ਸੇਲਜ਼ ਅਫ਼ਸਰ ਲਈ ਉਮਰ 18-25 ਸਾਲ ਅਤੇ ਸੇਲਜ਼ ਮੈਨੇਜਰ ਲਈ ਉਮਰ 30 ਸਾਲ ਤੋਂ ਉਪਰ ਹੋਵੇ, ਉਹ ਇਸ ਪਲੇਸਮੈਂਟ ਡਰਾਈਵ ਵਿੱਚ ਭਾਗ ਲੈ ਸਕਦੇ ਹਨ।

ਨੌਕਰੀ ਦੇ ਇੱਛੁਕ ਉਮੀਦਵਾਰ ਇਸ ਪਲੇਸਮੈਂਟ ਕੈਂਪ/ ਇੰਟਰਵਿਊ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ ਦੀਆਂ ਫੋਟੋਕਾਪੀਆਂ, ਅਧਾਰ ਕਾਰਡ, ਪੈਨ ਕਾਰਡ ਅਤੇ ਰਿਜ਼ਿਊਮੇ ਨਾਲ ਲੈ ਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ, ਮਿੰਨੀ ਸਕੱਤਰੇਤ, ਬਲਾਕ ਡੀ, ਨੇੜੇ ਸੁਵਿਧਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਇੰਟਰਵਿਊ ਵਿੱਚ ਹਿੱਸਾ ਲੈ ਸਕਦੇ ਹਨ।

ਵਧੇਰੇ ਜਾਣਕਾਰੀ ਲਈ ਉਮੀਦਵਾਰ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ।

# ਜੋਨ ਨੂਰਪੁਰ ਬੇਦੀ ਦੀਆਂ ਖੇਡਾਂ ਸ਼ਾਨੋ ਸ਼ੌਕਤ ਨਾਲ ਸਮਾਪਤ



**ਨੂਰਪੁਰਬੇਦੀ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜੋਨ ਨੂਰਪੁਰਬੇਦੀ ਦੀਆਂ ਸਰਕਾਰੀ, ਮਾਨਤਾ ਪ੍ਰਾਪਤ, ਪਾ੍ਈਵੇਟ ਸਕੂਲਾਂ ਦੇ ਅੰਡਰ -14, 17 ਤੇ 19 ਸਾਲਾਂ ਮੁੰਡੇ ਅਤੇ ਕੁੜੀਆਂ ਦੀਆਂ ਖੇਡਾਂ ਜ਼ੋਨਲ ਪ੍ਰਧਾਨ ਹੈਡਮਿਸਟ ਸ ਨਵਪ੍ਰੀਤ ਕੌਰ ਅਤੇ ਜ਼ੋਨਲ ਸਕੱਤਰ ਰਣਜੀਤ ਸਿੰਘ ਭੱਠਲ ਦੀ ਅਗਵਾਈ ਹੇਠਅੱਜ ਪੂਰੀ ਸ਼ਾਨੋ ਸ਼ੌਕਤ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਜ ਵਿਖੇ ਸਮਾਪਤ ਹੋ ਗਈਆਂ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ੋਨਲ ਸਕੱਤਰ ਰਣਜੀਤ ਸਿੰਘ ਭੱਠਲ ਨੇ ਦੱਸਿਆ ਕਿ ਬੈਡਮਿੰਟਨ ਖੇਡ ਦਾ ਉਦਘਾਟਨ ਬ੍ਰਿਸ ਕੋਲੰਬੀਆ ਸਕੂਲ ਵਿਖੇ ਸਕੂਲ ਪ੍ਰਿੰਸੀਪਲ ਮੈਡਮ ਪੂਜਾ ਪੁਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲ) ਨੂਰਪੁਰ ਬੇਦੀ ਦੀ ਪ੍ਰਿੰਸੀਪਲ ਮੈਡਮ ਸੋਨੀਆ ਨੇ ਜਦਕਿ ਕ੍ਰਿਕਟ ਦਾ ਉਦਘਾਟਨ ਸਸਸਸ ਝੱਜ ਵਿਖੇ ਪ੍ਰਿੰਸੀਪਲ ਅਸ਼ਵਨੀ ਸ਼ਰਮਾ ਨੇ ਕੀਤਾ। ਸਰਦਾਰ ਭੱਠਲ ਨੇ ਦੱਸਿਆ ਕਿ ਪ੍ਰਿੰਸੀਪਲ ਮੈਡਮ ਪੂਜਾ ਪੁਰੀ ਅਤੇ ਕਨਵੀਨਰ ਸੰਦੀਪ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਬੈਡਮਿੰਟਨ ਮੁਕਾਬਲਿਆਂ ਵਿੱਚ ਅੰਡਰ -14 ਕੁੜੀਆਂ ਦੇ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਕਲਵਾਂ ਨੇ ਪਹਿਲਾਂ, ਬ੍ਰਿਸ ਕੋਲੰਬੀਆ ਸਕੂਲ ਨੇ ਦੂਜਾ ਅਤੇ ਮੌਡਰਨ ਕੈਂਬਰੇਜ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ -17 ਕੁੜੀਆਂ ਦੇ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲ) ਨੂਰਪੁਰ ਬੇਦੀ ਨੇ ਪਹਿਲਾਂ, ਬ੍ਰਿਸ ਕੋਲੰਬੀਆ ਸਕੂਲ ਨੇ ਦੂਜਾ ਅਤੇ ਮੋਡਰਨ ਕੈਂਬਰੇਜ ਸਕੂਲ ਨੇ ਤੀਜਾ ਸਥਾਨ, ਅੰਡਰ -14 ਸਾਲਾਂ ਮੁੰਡਿਆਂ ਦੇ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਕਲਵਾਂ ਨੇ ਪਹਿਲਾਂ, ਮੋਡਰਨ ਕੈਂਬਰੇਜ ਸਕੂਲ ਨੇ ਦੂਜਾ ਤੇ ਬ੍ਰਿਸ ਕੋਲੰਬੀਆ ਸਕੂਲ ਨੇ ਤੀਸਰਾ, ਅੰਡਰ -17 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲ) ਨੂਰਪੁਰ ਬੇਦੀ ਨੇ ਪਹਿਲਾਂ, ਸਰਕਾਰੀ ਹਾਈ ਸਕੂਲ ਕਲਵਾਂ ਨੇ ਦੂਜਾ ਅਤੇ ਬ੍ਰਿਸ ਕੋਲੰਬੀਆ ਸਕੂਲ ਨੇ ਤੀਸਰਾ ਸਥਾਨ, ਅੰਡਰ -19 ਸਾਲਾਂ ਮੁੰਡਿਆਂ ਦੇ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲ) ਨੂਰਪੁਰ ਬੇਦੀ ਬਿਨਾਂ ਮੁਕਾਬਲਾ ਜੇਤੂ ਰਿਹਾ।

# ਸ਼ਹਿਰੀ ਖੇਤਰ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੇ ਦਾਖ਼ਲੇ 'ਤੇ ਪਾਬੰਦੀ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਾਜਪੁਰਾ ਚੁੰਗੀ ਤੋਂ ਪੁਰਾਣਾ ਬੱਸ ਸਟੈਂਡ ਦੇ ਅੰਦਰ ਦੇ ਇਲਾਕੇ, ਪੁਰਾਣਾ ਬੱਸ ਸਟੈਂਡ ਤੋਂ ਫੁਆਰਾ ਚੌਂਕ (ਦੀ ਮਾਲ ਰੋਡ), ਫੁਆਰਾ ਚੌਂਕ ਲੋਅਰ ਮਾਲ ਤੋਂ ਮਹਿੰਦਰਾ ਕਾਲਜ ਅਤੇ ਮਹਿੰਦਰਾ ਕਾਲਜ ਤੋਂ ਸਨੌਰੀ ਅੱਡੇ ਦੇ ਅੰਦਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੇ ਦਾਖਲੇ 'ਤੇ ਪਾਬੰਦੀ ਲਗਾਈ ਹੈ।

5 ਅਕਤੂਬਰ 2024 ਤੱਕ ਲਾਗੂ ਰਹਿਣ ਵਾਲੇ ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਪਟਿਆਲਾ ਦੇ ਸ਼ਹਿਰੀ ਖੇਤਰ ਅੰਦਰ ਭਾਰੀ ਵਾਹਨਾਂ ਦੀ ਆਵਾਜਾਈ ਬਹੁਤ ਜ਼ਿਆਦਾ ਵੱਧ ਗਈ ਹੈ, ਇਨ੍ਹਾਂ ਵਾਹਨਾਂ ਦੀ ਦਿਨ ਦੇ ਸਮੇਂ ਸ਼ਹਿਰ ਵਿੱਚ ਆਮਦ ਨਾਲ ਆਮ ਟ੍ਰੈਫਿਕ ਦੀ ਆਵਾਜਾਈ ਵਿੱਚ ਕਾਫ਼ੀ ਵਿਘਨ ਪੈ ਰਿਹਾ ਹੈ, ਜਿਸ ਨਾਲ ਲੰਮੇ ਸਮੇਂ ਜਾਮ ਲੱਗ ਜਾਂਦੇ ਹਨ। ਇਨ੍ਹਾਂ ਟ੍ਰੈਫਿਕ ਜਾਮਾਂ ਕਾਰਨ ਜਿੱਥੇ ਆਮ ਜਨਤਾ ਦੇ ਕੰਮਕਾਰ ਪ੍ਰਭਾਵਿਤ ਹੁੰਦੇ ਹਨ, ਉੱਥੇ ਨਾਲ ਹੀ ਬਿਮਾਰ/ਬਜ਼ੁਰਗ/ਮਰੀਜ਼/ਐਂਬੂਲੈਂਸਾਂ/ਸਕੂਲੀ ਬੱਚਿਆਂ ਦੇ ਇਕ ਥਾਂ ਤੋਂ ਦੂਜੀ ਥਾਂ ਸਮੇਂ ਸਿਰ ਪੁੱਜਣ ਵਿੱਚ ਵੀ ਵਿਘਨ ਪੈਂਦਾ ਹੈ, ਅਜਿਹੇ ਹਾਲਤਾਂ ਨਾਲ ਅਮਨ ਕਾਨੂੰਨ ਦੀ ਸਥਿਤੀ ਦੇ ਖਰਾਬ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਲਈ ਇਹ ਪਾਬੰਦੀ ਲਗਾਈ ਗਈ ਹੈ।

# ਡੀ.ਏ.ਵੀ ਪਬਲਿਕ ਸਕੂਲ ਪਟਿਆਲਾ ਵਿਖੇ ਕਠਪੁਤਲੀ ਸ਼ੋਅ ਦਾ ਆਯੋਜਨ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਠਪੁਤਲੀ ਸਿੱਖਿਆ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਕਠਪੁਤਲੀਆਂ ਬਹੁਤ ਬਹੁਮੁਖੀ ਹਨ। ਉਹ ਸਕੂਲ ਦੇ ਬੱਡੀ ਵਜੋਂ ਕੰਮ ਕਰ ਸਕਦੇ ਹਨ ਜਾਂ ਬੱਚਿਆਂ ਲਈ ਵਧੀਆ ਦੋਸਤ ਬਣ ਸਕਦੇ ਹਨ। ਕਠਪੁਤਲੀ ਸ਼ੋਅ ਦੇ ਬਹੁਤ ਸਾਰੇ ਲਾਭਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਾਡੇ ਅਧਿਆਪਕਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। .
ਬੱਚੇ ਕਠਪੁਤਲੀਆਂ ਦੀ ਦੁਨੀਆ ਵਿੱਚ ਗਏ ਜਦੋਂ ਉਹ ਬੋਲਦੇ, ਹਿਲਾਉਂਦੇ ਅਤੇ ਨੱਚਦੇ ਸਨ। 4ਵੀਂ ਜਮਾਤ ਲਈ ਹਿੰਦੀ ਭਾਸ਼ਾ ਵਿੱਚ ਸ਼੍ਰੀਮਤੀ ਮਨੀਸ਼ਾ, ਸ਼੍ਰੀਮਤੀ ਸੰਗੀਤਾ ਮਹਾਜਨ ਅਤੇ ਸ਼੍ਰੀਮਤੀ ਅੰਜਲੀ ਕਪੂਰ ਦੁਆਰਾ ਸ਼੍ਰੀਮਤੀ ਪ੍ਰਿਆ ਕਪੂਰ ਅਤੇ ਅੰਗ੍ਰੇਜ਼ੀ ਵਿੱਚ 5ਵੀਂ ਕਲਾਸ ਦੇ ਲਈ "ਇੱਕ ਆਦਮੀ ਉਸ ਕੰਪਨੀ ਤੋਂ ਜਾਣਿਆ ਜਾਂਦਾ ਹੈ ਜਿਸਨੂੰ ਉਹ ਰੱਖਦਾ ਹੈ" ਵਿਸ਼ੇ 'ਤੇ ਇੱਕ ਕਠਪੁਤਲੀ ਸ਼ੋਅ ਦਾ ਆਯੋਜਨ ਕੀਤਾ ਗਿਆ ਸੀ। ਸ਼੍ਰੀਮਤੀ ਹਰਪ੍ਰੀਤ ਕੌਰ ਨੇ "ਤੁਹਾਡੇ ਕੋਲ ਜੋ ਵੀ ਹੈ ਉਸ ਨਾਲ ਖੁਸ਼ ਅਤੇ ਸੰਤੁਸ਼ਟ ਰਹੋ" ਅਤੇ ਪੰਜਾਬੀ ਭਾਸ਼ਾ "ਚ "ਹਰ ਸਮੱਸਿਆ ਦਾ ਹੱਲ ਹੁੰਦਾ ਹੈ" ਵਿਸ਼ੇ ਨਾਲ ਸ਼੍ਰੀਮਤੀ ਅਸ਼ਵਰੀ ਅਤੇ ਸ਼੍ਰੀਮਤੀ ਗੁਰਪ੍ਰੀਤ ਕੌਰ ਨੇ ਕਠਪੁਤਲੀਆਂ ਬਣੀਆਂ। ਸ਼ੁਰੂਆਤੀ ਸਿਖਿਆਰਥੀਆਂ ਦਾ ਧਿਆਨ ਖਿੱਚਣ ਅਤੇ ਵਿਦਿਆਰਥੀਆਂ ਦੀ ਪ੍ਰੇਰਨਾ ਵਧਾਉਣ ਲਈ ਸ਼ਾਨਦਾਰ ਸਾਧਨ। ਬੱਚੇ ਆਪਣੀਆਂ ਮਨਪਸੰਦ ਕਹਾਣੀਆਂ ਦੇਖ ਕੇ ਹੈਰਾਨ ਰਹਿ ਗਏ। ਗਤੀਸ਼ੀਲ ਅਧਿਆਪਕਾਂ ਨੇ ਬੱਚਿਆਂ ਨੂੰ ਆਵਾਜ਼ ਦੇ ਸੰਚਾਲਨ, ਹੱਥਾਂ ਦੇ ਇਸ਼ਾਰਿਆਂ ਅਤੇ ਸਿਰਜਣਾਤਮਕ ਕਠਪੁਤਲੀਆਂ ਦੀ ਪ੍ਰਭਾਵਸ਼ਾਲੀ ਵਰਤੋਂ ਨਾਲ ਪ੍ਰੇਰਿਤ ਕੀਤਾ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਕਹਾਣੀ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਵਿੱਚ ਰਚਨਾਤਮਕ, ਸਹਿਯੋਗੀ, ਆਲੋਚਨਾਤਮਕ ਸੋਚ ਅਤੇ ਉਤਸੁਕਤਾ ਨੂੰ ਜੋੜਨ ਵਿੱਚ ਇਹ ਬਹੁਤ ਮਦਦਗਾਰ ਸੀ।

# ਵਿਆਹ ਸ਼ਾਦੀਆਂ ਸਮੇਂ ਮੈਰਿਜ ਪੈਲੇਸਾਂ ਵਿੱਚ ਲਾਇਸੰਸੀ ਅਸਲਾ ਲੈ ਕੇ ਜਾਣ 'ਤੇ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਪੈਂਦੇ ਸਾਰੇ ਮੈਰਿਜ ਪੈਲੇਸਾਂ, ਹੋਟਲਾਂ, ਕਮਿਊਨਿਟੀ ਹਾਲ ਅਤੇ ਅਜਿਹੇ ਸਥਾਨ ਜਿੱਥੇ ਵਿਆਹ ਸ਼ਾਦੀਆਂ ਦੇ ਪ੍ਰੋਗਰਾਮ/ਪਾਰਟੀਆਂ ਦਾ ਆਯੋਜਨ ਕੀਤਾ ਜਾਂਦਾ ਹੈ, ਪ੍ਰੋਗਰਾਮ ਮੌਕੇ ਕਿਸੇ ਵੀ ਲਾਇਸੰਸੀ ਵਿਅਕਤੀ ਵੱਲੋਂ ਅਸਲਾ ਅੰਦਰ ਲੈ ਕੇ ਜਾਣ ਅਤੇ ਲੋਕ ਦਿਖਾਵੇ ਲਈ ਅਸਮਾਨੀ ਫਾਇਰ ਕਰਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਕਤੂਬਰ 2024 ਤੱਕ ਲਾਗੂ ਰਹਿਣਗੇ। ਹੁਕਮਾਂ 'ਚ ਕਿਹਾ ਗਿਆ ਹੈ ਕਿ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਵਿਆਹ ਸ਼ਾਦੀਆਂ ਦੇ ਸਮੇਂ ਮੈਰਿਜ ਪੈਲਸਾਂ ਵਿੱਚ ਕੁਝ ਲੋਕ ਆਪਣਾ ਲਾਇਸੰਸੀ ਅਸਲਾ ਨਾਲ ਲੈ ਕੇ ਜਾਂਦੇ ਹਨ ਅਤੇ ਸਮਾਗਮਾਂ ਵਿੱਚ ਸ਼ਰਾਬ ਆਦਿ ਪੀ ਕੇ ਇਹ ਵਿਅਕਤੀ ਹਥਿਆਰ ਲੈ ਕੇ ਸਟੇਜ ਉੱਪਰ ਭੰਗੜਾ ਪਾਉਂਦੇ ਸਮੇਂ ਫਾਇਰ ਕਰਦੇ ਹਨ ਜੋ ਪੈਲੇਸ ਵਿੱਚ ਮੌਜੂਦ ਲੋਕਾਂ ਦੀ ਜਾਨ ਦਾ ਖਤਰਾ ਬਣ ਜਾਂਦਾ ਹੈ, ਅਜਿਹੀਆਂ ਘਟਨਾਵਾਂ ਵਿੱਚ ਕਈ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਵਰਨਣਯੋਗ ਹੈ ਕਿ ਪੈਲੇਸਾਂ ਵਿੱਚ ਅਸਲਾ ਨਾਲ ਲੈ ਕੇ ਆਉਣ ਸਬੰਧੀ ਬੋਰਡ ਤਾਂ ਲਿਖੇ ਹੁੰਦੇ ਹਨ ਪਰ ਇਨ੍ਹਾਂ ਬੋਰਡਾਂ 'ਤੇ ਕਿਸੇ ਵੱਲੋਂ ਅਮਲ ਨਹੀਂ ਕੀਤਾ ਜਾਂਦਾ। ਇਸ ਲਈ ਕੋਈ ਵੀ ਵਿਅਕਤੀ ਮੈਰਿਜ ਪੈਲਸਾਂ/ਹੋਟਲਾਂ ਵਿੱਚ ਲਾਇਸੰਸੀ ਹਥਿਆਰ ਨਾ ਲੈ ਕੇ ਆਵੇ, ਨੂੰ ਰੋਕਣ ਲਈ ਯਕੀਨੀ ਬਣਾਇਆ ਜਾਣਾ ਹੈ ਤਾਂ ਜੋ ਅੱਗੇ ਤੋਂ ਮੈਰਿਜ ਪੈਲੇਸਾਂ/ਹੋਟਲਾਂ ਵਿੱਚ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਇਸ ਲਈ ਅਮਨ ਕਾਨੂੰਨ ਬਣਾਏ ਰੱਖਣ ਅਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਵਾਸਤੇ ਢੁਕਵੇਂ ਕਦਮ ਉਠਾਉਣੇ ਜ਼ਰੂਰੀ ਹਨ। ਪਟਿਆਲਾ ਜ਼ਿਲ੍ਹੇ ਵਿੱਚ ਸਥਿਤ ਸਾਰੇ ਮੈਰਿਜ ਪੈਲੇਸ, ਹੋਟਲ, ਕਮਿਊਨਿਟੀ ਹਾਲ ਦੇ ਮਾਲਕਾਂ/ਮੈਨੇਜਰ/ਪ੍ਰਬੰਧਕ ਇਹਨਾਂ ਹੁਕਮਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣਗੇ।

# ਮਾਂ ਦਾ ਦੁੱਧ ਬੱਚਿਆ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਸਭ ਤੋਂ ਉਤਮ : ਡਾ. ਗੁਰਉਪਦੇਸ਼ ਕੌਰ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਮਾਂ ਦਾ ਦੁੱਧ - ਨਿਰੰਤਰ ਵਿਕਾਸ ਦੀ ਕੁੰਜੀ ਵਿਸ਼ੇ ਤੇ ਇਕ ਸਪਤਾਹ ਦੌਰਾਨ ਵੱਖ ਵੱਖ ਪ੍ਰੋਗਰਾਮ ਕਰਵਾਏ ਗਏ। 1 ਅਗਸਤ ਤੋਂ ਸ਼ੁਰੂ ਕੀਤੇ 6 ਪ੍ਰੋਗਰਾਮਾਂ 'ਚ ਦਾ ਉਦੇਸ਼ ਨਵਜੰਮੇ ਬਾਲ ਦੀ ਸਿਹਤ ਸੰਭਾਲ ਕਰਨਾ ਰਿਹਾ। ਇਸ ਹਫ਼ਤੇ ਵਿੱਚ ਪਟਿਆਲੇ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਜਿਵੇਂ ਕਿ ਖੇੜੀ ਮਾਨੀਆ, ਆਲੋਵਾਲ, ਕਲਿਆਣ, ਸਕੋਹਾਂ, ਚੱਠੇ ਅਤੇ ਝੱਭੋ ਦੀਆਂ 125 ਪੇਂਡੂ ਔਰਤਾਂ, ਆਂਗਣਵਾੜੀ ਵਰਕਰਾਂ, ਕ੍ਰਿਸ਼ੀ ਸਖੀਆਂ ਅਤੇ ਆਸ਼ਾ ਵਰਕਰਾਂ ਨੇ ਭਾਗ ਲਿਆ।

ਇਸ ਦੌਰਾਨ ਡਾ. ਗੁਰਉਪਦੇਸ਼ ਕੌਰ, ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਔਰਤਾਂ ਨੂੰ ਦੱਸਿਆ ਕਿ ਮਾਂ ਦਾ ਪਹਿਲਾ ਦੁੱਧ ਕੋਲੈਸਟਰਮ ਭਰਪੂਰ ਹੁੰਦਾ ਹੈ ਅਤੇ ਇਹ ਬੱਚਿਆਂ ਨੂੰ ਕਈ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਸਹਾਈ ਹੁੰਦਾ ਹੈ। ਉਹਨਾਂ ਕਿਹਾ ਕਿ ਜਿਹੜੀਆਂ ਮਾਵਾਂ ਬੱਚਿਆਂ ਨੂੰ ਆਪਣਾ ਦੁੱਧ ਪਿਲਾਉਂਦੀਆਂ ਹਨ, ਉਨ੍ਹਾਂ ਨੂੰ ਬੱਚੇਦਾਨੀ ਅਤੇ ਅੰਡਕੋਸ਼ ਦਾ ਕੈਂਸਰ ਹੋਣ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਆਪਣੇ ਸੰਬੋਧਨ ਦੇ ਵਿੱਚ ਸ਼੍ਰੀਮਤੀ ਕਿਰਨ ਪ੍ਰਕਾਸ਼ ਕੌਰ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪਟਿਆਲਾ ਨੇ ਆਖਿਆ ਕਿ ਪਹਿਲੇ 6 ਮਹੀਨੇ ਤੱਕ ਬੱਚੇ ਨੂੰ ਸਿਰਫ਼ ਅਤੇ ਸਿਰਫ਼ ਮਾਂ ਦਾ ਦੁੱਧ ਹੀ ਪਿਲਾਉਣਾ ਚਾਹੀਦਾ ਹੈ। ਉਸ ਨੂੰ ਕਿਸੇ ਓਪਰੀ ਖੁਰਾਕ ਦੀ ਲੋੜ ਨਹੀਂ ਹੁੰਦੀ। ਇੱਥੋਂ ਤੱਕ ਕਿ ਪਹਿਲੇ 6 ਮਹੀਨੇ ਬੱਚੇ ਨੂੰ ਪਾਣੀ ਵੀ ਨਾ ਪਿਲਾਓ। 6 ਮਹੀਨੇ ਤੋਂ ਬਾਅਦ ਹੀ ਬੱਚੇ ਨੂੰ ਦਾਲ ਦਾ ਪਾਣੀ, ਕੇਲਾ, ਆਲੂ ਆਦਿ ਦੇ ਸਕਦੇ ਹੋ। ਇਸ ਮੌਕੇ ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ) ਨੇ ਔਰਤਾਂ ਨੂੰ ਸੰਤੁਲਿਤ ਖੁਰਾਕ ਲਈ ਪ੍ਰੇਰਿਤ ਕੀਤਾ ਅਤੇ ਡਾ. ਰਚਨਾ ਸਿੰਗਲਾ ਨੇ ਰੁੱਖ ਲਗਾਉਣ ਦੀ ਮਹੱਤਤਾ ਅਤੇ 'ਇੱਕ ਰੁੱਖ ਮਾਂ ਦੇ ਨਾਮ' ਸਬੰਧੀ ਮੁਹਿੰਮ ਬਾਰੇ ਪ੍ਰੇਰਿਆ। ਇਸ ਮੌਕੇ ਸਿਖਿਆਰਥਣਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਸਬੰਧਿਤ ਸਾਹਿਤ ਵੀ ਵੱਡਿਆਂ ਗਿਆ।

# ਪੁਲਿਸ ਡੀ.ਏ. ਵੀ ਪਬਲਿਕ ਸਕੂਲ 'ਚ 'ਤੀਜ਼ ਕੁਈਨ ਮੁਕਾਬਲਾ' ਕਰਵਾਇਆ

**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਪੁਲਿਸ ਡੀ.ਏ. ਵੀ. ਪਬਲਿਕ ਸਕੂਲ, ਪਟਿਆਲਾ ਵਿਖੇ 'ਤੀਜ਼ ਕੁਈਨ ਮੁਕਾਬਲਾ' ਕਰਵਾਇਆ ਗਿਆ । ਇਹ ਮੁਕਾਬਲਾ ਐਕਟੀਵਿਟੀ ਇੰਚਾਰਜ ਸ੍ਰੀਮਤੀ ਮੋਨਿਕਾ ਖੰਨਾ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਤੀਜੀ ਤੋਂ ਛੇਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਸ੍ਰੀਮਤੀ ਉਪਾਸਨਾ ਨੇ ਜੱਜ ਦੀ ਭੂਮਿਕਾ ਨਿਭਾਉਂਦੇ ਹੋਏ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਸਵਾਲ ਪੁੱਛੇ। ਪੰਜਾਬੀ ਪਹਿਰਾਵੇ ਵਿੱਚ ਕੁੜੀਆਂ ਬਹੁਤ ਹੀ ਆਕਰਸ਼ਕ ਲੱਗ ਰਹੀਆਂ ਸਨ। ਉਨ੍ਹਾਂ ਨੇ ਪੰਜਾਬੀ ਲੋਕ ਨਾਚ ਗਿੱਧਾ ਪੇਸ਼ ਕੀਤਾ ਅਤੇ ਬੋਲੀਆਂ ਵੀ ਗਾਈਆਂ। ਮੁਕਾਬਲੇ ਵਿੱਚ ਵੱਖ-ਵੱਖ ਵਰਗਾਂ ਵਿੱਚੋਂ ਅਨੁਰੀਤ ਕੌਰ, ਹਰਸ਼ੀਨ ਕੌਰ, ਏਕਤਾ ਨੂੰ ਜੂਨੀਅਰ ਤੀਜ ਰਾਣੀ ਦਾ ਖਿਤਾਬ ਦਿੱਤਾ ਗਿਆ। ਕਵਰੀਤ ਕੌਰ ਨੂੰ ਫਸਟ ਰਨਰ ਅੱਪ, ਤੇਜਲ ਨੂੰ ਸੈਕਿੰਡ ਰਨਰ ਅੱਪ ਚੁਣਿਆ ਗਿਆ। ਛੇਵੀਂ ਜਮਾਤ ਦੀ ਪ੍ਰਾਪਤੀ ਨੇ ਸੀਨੀਅਰ ਤੀਜ ਰਾਣੀ ਦਾ ਖਿਤਾਬ ਪ੍ਰਾਪਤ ਕੀਤਾ, ਸ਼ੁਬਨੀਤ ਕੌਰ ਨੂੰ ਪਹਿਲੀ ਰਨਰ ਅੱਪ, ਦੀਕਸ਼ਾ ਨੂੰ ਸੈਕਿੰਡ ਰਨਰ ਅੱਪ ਚੁਣਿਆ ਗਿਆ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸਵਿਤਾ ਧਨਖੜ ਨੇ ਸਾਰੇ ਵਿਦਿਆਰਥਣਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸਮੂਹ ਵਿਦਿਆਰਥਣਾਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਅਤੇ ਆਪਣੀ ਸੱਭਿਅਤਾ ਅਤੇ ਸੱਭਿਆਚਾਰ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ।

# ਰਿਟੇਲ ਕੈਮਿਸਟ ਐਸੋਸੀਏਸ਼ਨ ਆਫ ਪਟਿਆਲਾ ਨਸ਼ਿਆਂ ਵਿਰੁੱਧ ਦੇਵੇਗੀ ਪ੍ਰਸ਼ਾਸਨ ਨੂੰ ਸਹਿਯੋਗ

**ਪਟਿਆਲਾ, 11 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਰਿਟੇਲ ਕੈਮਿਸ਼ਟ ਐਸੋਸੀਏਸ਼ਨ ਆਫ਼ ਪਟਿਆਲਾ ਵੱਲੋਂ ਪ੍ਰਧਾਨ ਗੁਰਜੀਤ ਸਿੰਘ ਲੱਕੀ ਜਨਰਲ ਸਕੱਤਰ ਗੌਤਮ ਪੰਜਰਤਨ੍ਹਾਂ ਜ਼ਿਲ੍ਹਾ ਪ੍ਰਧਾਨ ਰਾਜੀਵ ਚੌਧਰੀ ਦੀ ਪ੍ਰਧਾਨਗੀ ਹੇਠ ਜਨਰਲ ਮੀਟਿੰਗ ਤੇ ਡਰੱਗ ਸੈਮੀਨਾਰ ਦਿੱਲੀ ਪਲਾਜ਼ਾ ਹੋਟਲ ਪਟਿਆਲਾ ਵਿਖੇ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰੀ ਸੁਰਿੰਦਰ ਦੁੱਗਲ ਪ੍ਰਧਾਨ ਪੰਜਾਬ ਕੈਮਿਸ਼ਟ ਐਸੋਸੀਏਸ਼ਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀ ਮੋਹਿਤ ਕਪੂਰ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਪਹੁੰਚੇ। ਪ੍ਰੋਗਰਾਮ ਵਿੱਚ ਉਚੇਚੇ ਤੌਰ 'ਤੇ ਅਮਰਦੀਪ ਸਿੰਘ ਖਜ਼ਾਨਚੀ ਪੀ ਸੀ ਏ, ਰਾਜੀਵ ਜੈਨ ਸੈਕਟਰੀ ਪੀ ਸੀ ਏ,ਜੇ ਐੱਸ ਚਾਵਲਾ ਟੀਮ ਪੰਜਾਬ ਕੈਮਿਸ਼ਟ ਐਸੋਸੀਏਸ਼ਨ ਪਹੁੰਚੇ। ਇਸ ਮੌਕੇ ਸੁਰਿੰਦਰ ਦੁੱਗਲ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੈਮੀਸ਼ਟਾਂ ਨੂੰ ਆ ਰਹੀਆਂ ਸਮੱਸਿਆਵਾਂ ਨੇ ਡਰਗ ਪਾਲਸੀ ਵਿੱਚ ਕੈਮਿਸਟਾਂ ਦੇ ਨਾਲ ਮਤਭੇਦ ਕੀਤਾ ਹੈ। ਕਾਰਪੋਰੇਟ ਘਰਾਣਿਆਂ ਨੂੰ ਛੂਟ ਦਿਤੀ ਹੈ। ਪੰਜਾਬ ਸਰਕਾਰ ਨੂੰ ਤਰੁਟੀਆਂ ਦੂਰ ਕਰਨ ਦੀ ਅਪੀਲ ਕੀਤੀ ਹੈ। ਕੈਮਿਸਟਾਂ ਦੇ ਲਾਈਸੈਂਸ ਰਿਨਿਊ ਅਤੇ ਨਵੀਂਨਤਮ ਪਾਲਿਸੀ ਵਿੱਚ ਪੇਸ਼ ਆ ਰਹੀਆਂ ਮੁਸ਼ਕਲਾਂ ਪਾਸਵਰਡ ਛੋਟੀ ਛੋਟੀ ਗ਼ਲਤੀਆਂ ਤੇ ਰਿਨਿਊ ਨਾ ਕਰਨਾ ਆਦਿ ਵਿੱਚ ਬਦਲਾਅ ਕੀਤਾ ਜਾਵੇ। ਸ਼ਡਿਊਲ ਐਚ ਵੰਨ ਰਜਿਸਟਰ ਨੂੰ ਲਾਗੂ ਨਾ ਕਰਨਾ ਅਤੇ ਸੀ ਸੀ ਟੀ ਵੀ ਕੈਮਰੇ ਲਗਾਉਣੇ ਜ਼ਰੂਰੀ ਦੱਸਿਆ। ਇਸ ਮੌਕੇ ਮੋਹਿਤ ਕਪੂਰ ਜੀ ਨੇ ਬਲਤੇਜ ਪੰਨੂ ਮੀਡੀਆ ਸਲਾਹਕਾਰ ਸੀ ਐੱਮ ਪੰਜਾਬ ਦੀ ਤਰਫ਼ੋਂ ਇਹ ਵਿਸ਼ਵਾਸ ਦੁਆਇਆ ਕਿ ਸਰਕਾਰ ਵੱਲੋਂ ਨਸ਼ੇ ਦੀ ਰੋਕਥਾਮ ਲਈ ਐਸੋਸੀਏਸ਼ਨ ਨਾਲ ਮਿਲ ਕੇ ਕੰਮ ਕੀਤਾ ਜਾਵੇਗਾ ਤੇ ਮੰਗ ਪੱਤਰ ਸਰਕਾਰ ਤੱਕ ਪਹੁੰਚਾ ਦਿੱਤਾ ਜਾਵੇਗਾ।

ਇਸ ਮੌਕੇ ਜ਼ਿਲ੍ਹਾ ਪਟਿਆਲਾ ਟੀਮ ਸੰਜੀਵ ਚੌਧਰੀ, ਪ੍ਰਧਾਨ ਜ਼ਿਲ੍ਹਾ ਕੈਮਿਸ਼ਟ ਐਸੋਸ਼ਿਸ਼ਨ ਪਟਿਆਲਾ ਜੇ ਪੀ ਐਸ ਸੇਠੀ, ਜਨਰਲ ਸਕੱਤਰ ਡੀ ਸੀ ਏ ਸ਼ਿਵ ਸਿੰਘ ਭਾਦਸੋਂ ਚੇਅਰਮੈਨ, ਸਲੀਮ ਨਾਭਾ ਐਸੀਸਟ ਚੇਅਰਮੈਨ ਰਣਜੀਤ ਸਿੰਘ ਸੰਧੂ ਦੇਵੀਗੜ੍ਹ ਅਰਗਨੀਜੇਸ਼ਨ ਸੈਕਟਰੀ ਵਿਸ਼ਾਲ ਮਿੱਤਲ ਖਜਾਨਚੀ ਮਨਜੀਤ ਸਿੰਘ ਨਾਭਾ ਜੁਆਇੰਟ ਸੈਕਟਰੀ ਪੀ ਸੀ ਏ, ਸੁਨੀਲ ਆਹੂਜਾ ਮੈਂਬਰ wca ਅਮਿਤ ਅਰੋੜਾ ਮੈਂਬਰ wca ਇਸ ਤੋਂ ਇਲਾਵਾ ਨਾਭਾ ਦੇ ਹੋਲਸੇਲ ਪ੍ਰਧਾਨ ਪੁਨੀਤ ਅਰੋੜਾ ਰਾਜਪੁਰਾ ਦੇ ਪ੍ਰਧਾਨ ਲਾਜਪਤ ਰਾਏ ਚੰਪੂ ਜੀ ਜਗਦੀਸ਼ ਚੋਧਰੀ ਪ੍ਰਧਾਨ ਡਕਾਲਾ ਪਟਿਆਲਾ ਤੋਂ ਹੋਲਸੇਲ ਕੈਮਿਸ਼ਟ ਸਹਿਗਲ ਜੀ,ਸੁਰਿੰਦਰ ਅਰੋੜਾ, ਰੌਕੀ ਮਿੱਤਲ, ਜਾਨਕੀ ਦਾਸ ਹਾਜਰ ਸਨ ਜਿਕਰਯੋਗ ਹੈ।

ਰਿਟੇਲ ਕੈਮਿਸ਼ਟ ਫਾਰਮੇਸੀ ਐਸਸੀਏਸ਼ਨ ਦੀ ਨਵੀ ਚੁਣੀ ਟੀਮ ਪ੍ਰਧਾਨ ਗੁਰਜੀਤ ਸਿੰਘ ਲੱਕੀ, ਸ਼੍ਰੀ ਗੌਤਮ ਪੰਜਰਤਨਾਂ ਸ਼੍ਰੀ ਸੰਜੀਵ ਮਿੱਤਲ, ਪ੍ਰਵੀਨ ਅਰੋੜਾ ਇੰਦਰ ਨਾਰੰਗ ਸ਼ਿਵ ਸ਼ਰਮਾ ਤੇਜਿੰਦਰ ਵੰਨੀ ਅਮਰਜੋਤ ਚੱਢਾ ਜਸਵਿੰਦਰ ਰਿੰਪਾ ਗਗਨਦੀਪ ਦਵਿੰਦਰਪਾਲ ਸਪਰਾ ਪ੍ਰਭਸਿਮਰਨ ਹਰੀਸ਼ ਪਟਿਆਲਵੀ ਜੀ ਹਾਜ਼ਰ ਸਨ।

# ਦੀ ਕਲਾਸ ਫੋਰਥ ਗੌ ਇੰਪਲਾਈਜ਼ ਯੂਨੀਅਨ ਵੱਲੋਂ 15 ਨੂੰ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ



**ਪਟਿਆਲਾ, 11 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਦਰਜਾ ਚਾਰ ਕਰਮਚਾਰੀ ਯੂਨੀਅਨ ਦੱਫਤਰ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਪ੍ਰਧਾਨ ਰਾਜੇਸ਼ ਕੁਮਾਰ ਗੋਲੂ ਜੀ ਅਗਵਾਈ ਵਿਚ ਹੰਗਾਮੀ ਮੀਟਿੰਗ ਹੋਈ। ਜਿਸ ਵਿਚ ਸੱਭ ਮੁਲਾਜ਼ਮ ਕੱਚੇ, ਪੱਕੇ, ਆਊਟ ਸੋਰਸ, ਡੀ ਸੀ ਰੇਟ, ਡੇਲੀ ਬੇਸਿਜ਼ ਸ਼ਾਮਿਲ ਹੋਏ. ਜ਼ਿਲੇ ਵਲੋ ਆਏ ਫੈਸਲੇ ਤੇ ਸੋਚ ਵਿਚਾਰ ਕਰਕੇ ਇਹ ਫੈਸਲਾ ਲਿਆ ਗਿਆ ਕਿ 14 ਅਤੇ 15 ਅਗਸਤ ਨੂੰ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਰਾਜਿੰਦਰਾ ਹਸਪਤਾਲ ਪਟਿਆਲਾ ਆਉਟ ਡੋਰ ਅੱਗੇ ਕੀਤਾ ਜਾਵੇਗਾ. ਇਸ ਰੋਸ ਪ੍ਰਦਰਸ਼ਨ ਵਿਚ ਜ਼ਿਲੇ ਦੇ ਸਿਨੀਅਰ ਆਗੂ ਨੇਤਾ ਤੇ ਸਭ ਮੁਲਾਜ਼ਮ ਵਰਗ ਸ਼ਾਮਿਲ ਹੋਣਗੇ। ਇਸ ਵਿੱਚ ਜੋ ਪ੍ਰਮੁੱਖ ਮੰਗਾਂ ਨੇ ਕਿ ਅਕਸਰ ਸਰਕਾਰ ਦਰਜਾ ਚਾਰ ਕਰਮਚਾਰੀਆਂ ਦੀ ਹੀ ਅਸਾਮੀ ਨੂੰ ਠੇਕੇ ਦੇ ਆਧਾਰ ਤੇ ਭਰਨ ਦੀ ਤਜ਼ਵੀਜ਼ ਅਪਣਾਉਂਦੀ ਹੈ ਜੋ ਕਿ ਸਰਾਸਰ ਗਲਤ ਹੈ। ਇਸ ਨੂੰ ਬੰਦ ਕਰਕੇ ਦਰਜਾ ਚਾਰ ਕਰਮਚਾਰੀਆਂ ਦੀ ਸਿੱਧੀ ਭਰਤੀ ਪਹਿਲ ਦੇ ਆਧਾਰ ਤੇ ਕੀਤੀ ਜਾਵੇ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ ਅਤੇ ਕਿਤੇ ਵਾਇਦੇ ਮੁਤਾਬਕ ਪੁਰਾਣੀ ਪੈਨਸ਼ਨ ਬਹਾਲ ਕਰਨੀ, 2016 ਤੋਂ ਲਾਗੂ ਪੇ ਕਮਿਸ਼ਨ ਦਾ ਬਾਕਾਇਆ ਬਿਨਾਂ ਕਿਸੇ ਦੇਰੀ ਦੇ ਜਾਰੀ ਕਰਨਾ, ਡੀ ਏ ਦੀਆ ਕਿਸਤਾਂ ਤੇ ਏਰੀਅਰ ਜਾਰੀ ਕਰਨਾ।

ਇਹ ਸਰਕਾਰ ਟਾਲ ਮਟੋਲ ਕਰਕੇ ਸਮਾ ਬਤੀਤ ਕਰ ਰਹੀ ਹੈ ਜਿਸ ਕਰਕੇ ਮੁਲਾਜ਼ਮ ਵਰਗ ਵਿਚ ਬਹੁਤ ਰੋਸ ਪਾਇਆ ਜਾ ਰਿਹਾ ਹੈ।। ਸ਼ਾਮਿਲ ਹੋਏ ਅਹੁਦੇਦਾਰ, ਪ੍ਰਧਾਨ ਰਾਜੇਸ਼ ਕੁਮਾਰ ਗੋਲੂ, ਰਾਜਿੰਦਰਾ ਹਸਪਤਾਲ ਪਟਿਆਲਾ, ਪ੍ਰਧਾਨ ਅਰੁਣ ਕੁਮਾਰ ਮੈਡੀਕਲ ਕਾਲਜ ਹਸਪਤਾਲ, ਸਿਨੀਅਰ ਮੀਤ ਪ੍ਰਧਾਨ ਅਜੇ ਕੁਮਾਰ ਸਿਪਾ, ਮੀਤ ਪ੍ਰਧਾਨ ਗੀਤਾ, ਮੀਤ ਪ੍ਰਧਾਨ ਅਮਨ ਕੁਮਾਰ, ਸ਼ੰਕਰ, ਕੈਸੀਅਰ ਪ੍ਰੇਮੀ ਅਨਿਲ ਕੁਮਾਰ, ਜਰਨਲ ਸਕੱਤਰ ਮਹਿੰਦਰ ਸਿੰਘ ਸਿੱਧੂ ਆਦਿ।

# ਪੇਨਕਿੱਲਰ, ਐਂਟੀਬਾਇਓਟਿਕਸ, ਬੁਖਾਰ ਆਦਿ ਸਮੇਤ ਇਹ 70 ਦਵਾਈਆਂ ਹੋਣ ਜਾ ਰਹੀਆਂ ਹਨ

**ਏਜੰਸੀਆਂ**

ਨਵੀਂ ਦਿੱਲੀ 11 ਅਗਸਤ। ਸਰਕਾਰ ਨੇ ਆਮ ਜਨਤਾ ਨੂੰ ਵੱਡੀ ਰਾਹਤ ਦਿੱਤੀ ਹੈ। ਵਿੱਤੀ ਸਾਲ 2024-25 ਦੇ ਪੂਰੇ ਬਜਟ ਤੋਂ ਲਗਭਗ ਦੋ ਹਫਤਿਆਂ ਬਾਅਦ, ਸਰਕਾਰ ਨੇ ਦਰਦ ਨਿਵਾਰਕ ਦਵਾਈਆਂ ਅਤੇ ਐਂਟੀਬਾਇਓਟਿਕਸ ਸਮੇਤ 70 ਜ਼ਰੂਰੀ



ਦਵਾਈਆਂ ਦੀਆਂ ਕੀਮਤਾਂ ਘਟਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਵੱਖ-ਵੱਖ ਬਿਮਾਰੀਆਂ ਦਾ ਇਲਾਜ ਸਸਤਾ ਹੋ ਜਾਵੇਗਾ। ਇਹ ਫੈਸਲਾ ਨੈਸਨਲ ਫਾਰਮਾਸਿਊਟੀਕਲ ਪ੍ਰਾਈਸਿੰਗ ਅਥਾਰਟੀ (ਐਨ.ਪੀ.ਪੀ.ਏ.) ਦੀ ਹਾਲ ਹੀ ਵਿੱਚ ਹੋਈ ਮੀਟਿੰਗ ਵਿੱਚ ਲਿਆ ਗਿਆ ਹੈ। ਸਰਕਾਰ ਨੇ ਇਸ ਹਫਤੇ ਇਸ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਅਧਿਕਾਰਤ ਤੌਰ 'ਤੇ ਸੂਚਿਤ ਕੀਤਾ ਹੈ। ਐਨਪੀਪੀਏ ਜ਼ਰੂਰੀ ਦਵਾਈਆਂ ਦੀਆਂ ਕੀਮਤਾਂ ਨੂੰ ਨਿਯੰਤ੍ਰਿਤ ਕਰਦਾ ਹੈ ਜੋ ਆਮ ਲੋਕਾਂ ਦੁਆਰਾ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਹਨ। ਇਸ ਮੀਟਿੰਗ ਵਿੱਚ 70 ਦਵਾਈਆਂ ਅਤੇ 4 ਵਿਸੇਸ ਦਵਾਈਆਂ ਦੀਆਂ ਕੀਮਤਾਂ ਘਟਾਉਣ ਦਾ ਫੈਸਲਾ ਲਿਆ ਗਿਆ ਹੈ। ਐਨਪੀਪੀਏ ਵੱਲੋਂ ਜਿਨ੍ਹਾਂ 70 ਦਵਾਈਆਂ ਦੀਆਂ ਕੀਮਤਾਂ ਘਟਾਈਆਂ ਗਈਆਂ ਹਨ, ਉਨ੍ਹਾਂ ਵਿੱਚ ਦਰਦ ਨਿਵਾਰਕ ਦਵਾਈਆਂ, ਐਂਟੀਬਾਇਓਟਿਕਸ, ਬੁਖਾਰ, ਇਨਫੈਕਸਨ, ਦਸਤ, ਮਾਸਪੇਸੀਆਂ ਵਿੱਚ ਦਰਦ, ਸੂਗਰ, ਬਲੱਡ ਪ੍ਰੈਸਰ ਅਤੇ ਦਿਲ ਨਾਲ ਸਬੰਧਤ ਬਿਮਾਰੀਆਂ ਦੇ ਇਲਾਜ ਵਿੱਚ ਵਰਤੀਆਂ ਜਾਣ ਵਾਲੀਆਂ ਦਵਾਈਆਂ ਸਾਮਲ ਹਨ। ਇਸ ਤੋਂ ਇਲਾਵਾ 4 ਵਿਸੇਸ ਫਾਰਮੂਲੇਸਨ ਦਵਾਈਆਂ ਦੀਆਂ ਕੀਮਤਾਂ ਵੀ ਘਟਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਜੂਨ ਮਹੀਨੇ ਵਿੱਚ ਵੀ ਸਰਕਾਰ ਨੇ ਕਈ ਜ਼ਰੂਰੀ ਦਵਾਈਆਂ ਦੀਆਂ ਕੀਮਤਾਂ ਵਿੱਚ ਕਟੌਤੀ ਕੀਤੀ ਸੀ। ਐਨਪੀਪੀਏ ਦੀ 124ਵੀਂ ਮੀਟਿੰਗ ਵਿੱਚ 54 ਆਮ ਵਰਤੀਆਂ ਜਾਣ ਵਾਲੀਆਂ ਦਵਾਈਆਂ ਅਤੇ 8 ਵਿਸੇਸ ਦਵਾਈਆਂ ਦੀਆਂ ਕੀਮਤਾਂ ਘਟਾਈਆਂ ਗਈਆਂ। ਇਨ੍ਹਾਂ ਵਿੱਚ ਐਂਟੀਬਾਇਓਟਿਕਸ, ਮਲਟੀਵਿਟਾਮਿਨ, ਸੂਗਰ ਅਤੇ ਦਿਲ ਨਾਲ ਸਬੰਧਤ ਦਵਾਈਆਂ ਸਾਮਲ ਸਨ। ਇਸ ਤੋਂ ਇਲਾਵਾ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਇਲਾਜ ਵਿੱਚ ਵਰਤੀਆਂ ਜਾਣ ਵਾਲੀਆਂ ਦਵਾਈਆਂ ਵੀ ਸਸਤੀਆਂ ਕੀਤੀਆਂ ਗਈਆਂ। ਜ਼ਰੂਰੀ ਦਵਾਈਆਂ ਦੀਆਂ ਕੀਮਤਾਂ ਘਟਣ ਨਾਲ ਦੇਸ ਦੇ ਕਰੋੜਾਂ ਲੋਕਾਂ ਨੂੰ ਸਿੱਧਾ ਫਾਇਦਾ ਹੋਵੇਗਾ। ਦਰਦ ਨਿਵਾਰਕ ਦਵਾਈਆਂ ਤੋਂ ਲੈ ਕੇ ਐਂਟੀਬਾਇਓਟਿਕਸ ਤੱਕ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਇਹ ਰਾਹਤ ਦੀ ਗੱਲ ਹੈ।

# ਕੀ ਪੜ੍ਹੀ ਲਿਖੀ ਅਤੇ ਕਮਾਉਣਯੋਗ ਪਤਨੀ ਨਹੀਂ ਲੈ ਸਕਦੀ ਗੁਜ਼ਾਰਾ ਭੱਤਾ?

**ਸਰਦੂਲ ਸਿੰਘ**

ਚੰਡੀਗੜ੍ਹ 11 ਅਗਸਤ। ਗੁਜ਼ਾਰੇ ਭੱਤੇ ਸਬੰਧੀ ਹੇਠਲੀ ਅਦਾਲਤ ਦੇ ਹੁਕਮਾਂ ਵਿਰੁੱਧ ਦਾਇਰ ਪਟੀਸ਼ਨ 'ਤੇ ਆਪਣਾ ਫੈਸਲਾ ਸੁਣਾਉਂਦੇ ਹੋਏ ਸੈਸ਼ਨ ਅਦਾਲਤ ਨੇ ਕਿਹਾ ਕਿ ਪੜ੍ਹੀ-ਲਿਖੀ ਗ੍ਰੈਜੂਏਟ ਪਤਨੀ ਦੇ ਕਮਾਉਣ 'ਚ ਸਮਰੱਥ ਹੋਣ ਦਾ ਹਵਾਲਾ ਦੇ ਕੇ ਗੁਜ਼ਾਰਾ ਭੱਤਾ ਦੇਣ ਤੋਂ ਇਨਕਾਰ ਕਰਨ ਦਾ ਕੋਈ ਆਧਾਰ ਨਹੀਂ ਹੈ। ਇਸੇ ਦੇ ਨਾਲ ਅਦਾਲਤ ਨੇ ਹੇਠਲੀ ਅਦਾਲਤ ਵੱਲੋਂ ਨਿਰਧਾਰਤ ਕੀਤੀ ਗਈ ਰੱਖ-ਰਖਾਅ ਦੀ ਰਕਮ ਨੂੰ ਵਧਾ ਦਿੱਤਾ। ਸੈਸ਼ਨ ਕੋਰਟ ਨੇ ਇਹ ਵੀ ਕਿਹਾ ਕਿ ਬਾਕੀ ਸਭ ਕੁਝ ਛੱਡ ਕੇ ਇਹ ਇਕ ਪਤੀ ਦੀ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਪਤਨੀ ਦੀ ਦੇਖਭਾਲ ਕਰੇ। ਪਤੀ ਆਪਣੀ ਪਤਨੀ ਅਤੇ ਬੱਚਿਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਤੋਂ ਇਸ ਆਧਾਰ 'ਤੇ ਨਹੀਂ ਬਚ ਸਕਦਾ ਕਿ ਉਸ ਕੋਲ ਆਮਦਨ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਪਹਿਲਾਂ ਪਟੀਸ਼ਨਕਰਤਾ ਪਤਨੀ ਵੱਲੋਂ ਗੁਜ਼ਾਰੇ ਭੱਤੇ ਲਈ ਉਸ ਦੀ ਅਰਜ਼ੀ 'ਤੇ ਹੇਠਲੀ ਅਦਾਲਤ (ਟ੍ਰਾਇਲ ਕੋਰਟ) ਨੇ ਫੈਸਲਾ ਕਰਦੇ ਹੋਏ ਉਸ ਦੇ ਪਤੀ ਨੂੰ ਨਿਰਦੇਸ਼ ਦਿੱਤਾ ਸੀ ਕਿ ਜਦੋਂ ਤੱਕ ਉਸ ਦੀ ਪਤਨੀ ਦਾ ਦੁਬਾਰਾ ਵਿਆਹ ਨਾ ਹੋ ਜਾਏ, ਉਦੋਂ ਤੱਕ ਉਹ ਉਸ ਨੂੰ ਪ੍ਰਤੀ ਮਹੀਨਾ 2 ਹਜ਼ਾਰ ਰੁਪਏ ਅਤੇ ਦੋਵੇਂ ਨਾਬਾਲਗ ਬੱਚਿਆਂ ਨੂੰ ਬਾਲਗ ਹੋਣ ਤੱਕ 2 ਹਜ਼ਾਰ ਰੁਪਏ ਪ੍ਰਤੀ ਮਹੀਨਾ ਭੁਗਤਾਨ ਕਰੇਗਾ। ਇਸ ਫੈਸਲੇ ਤੋਂ ਬਾਅਦ ਪਤਨੀ ਵੱਲੋਂ ਰਾਸ਼ੀ ਵਧਾਉਣ ਲਈ ਦਾਇਰ ਨਜ਼ਰਸਾਨੀ ਪਟੀਸ਼ਨ 'ਤੇ ਅਦਾਲਤ ਨੇ ਇਹ ਫੈਸਲਾ ਦਿੱਤਾ ਹੈ। ਪਟੀਸ਼ਨਰ ਨੇ ਆਪਣੀ ਪਟੀਸ਼ਨ 'ਚ ਅਦਾਲਤ ਨੂੰ ਦੱਸਿਆ ਕਿ ਉਸ ਦਾ ਪਤੀ ਮਕੈਨਿਕ ਦੀ ਦੁਕਾਨ ਚਲਾ ਕੇ 50 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਮਾਉਂਦਾ ਹੈ, ਜਦਕਿ ਉਸ ਕੋਲ ਆਪਣਾ ਅਤੇ ਆਪਣੇ ਨਾਬਾਲਗ




ਬੱਚਿਆਂ ਦਾ ਗੁਜ਼ਾਰਾ ਚਲਾਉਣ ਲਈ ਕੋਈ ਆਮਦਨ ਦਾ ਸਾਧਨ ਨਹੀਂ ਹੈ। ਇਸ ਕਾਰਨ ਉਹ ਆਪਣੇ ਰਿਸ਼ਤੇਦਾਰਾਂ ਦੇ ਰਹਿਮੋ-ਕਰਮ 'ਤੇ ਨਿਰਭਰ ਸੀ। ਪਟੀਸ਼ਨ 'ਚ ਉਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਉਸ ਦਾ ਪਤੀ ਉਸ ਦੀ ਅਤੇ ਬੱਚਿਆਂ ਦੀ ਦੇਖਭਾਲ ਕਰਨ ਲਈ ਪਾਬੰਦ ਹੈ। ਉੱਥੇ ਹੀ ਪਤੀ ਨੇ ਪਤਨੀ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨ ਦਾ ਇਹ ਕਹਿੰਦਿਆਂ ਵਿਰੋਧ ਕੀਤਾ ਕਿ ਉਹ ਸਕੂਟਰ ਮਕੈਨਿਕ ਹੈ ਅਤੇ ਉਸ ਕੋਲ ਦੇਖਭਾਲ ਲਈ ਉਸ ਦੇ ਬਜ਼ੁਰਗ ਮਾਤਾ-ਪਿਤਾ ਵੀ ਹਨ। ਉਹ ਕਰਜ਼ਿਆਂ ਅਤੇ ਬੀਮਾ ਪਾਲਿਸੀਆਂ ਦੀਆਂ ਕਿਸ਼ਤਾਂ ਵੀ ਅਦਾ ਕਰ ਰਿਹਾ ਸੀ। ਪਤੀ ਨੇ ਇਹ ਕਹਿੰਦਿਆਂ ਨਜ਼ਰਸਾਨੀ ਪਟੀਸ਼ਨ ਖਾਰਜ ਕਰਨ ਦੀ ਮੰਗ ਕੀਤੀ ਕਿ ਉਸ ਦੀ ਪਤਨੀ ਪੜ੍ਹੀ-ਲਿਖੀ ਗ੍ਰੈਜੂਏਟ ਹੈ। ਨਰਸਿੰਗ ਦੇ ਨਾਲ-ਨਾਲ ਉਸ ਨੇ ਬਿਊਟੀ ਪਾਰਲਰ ਦਾ ਕੋਰਸ ਵੀ ਕੀਤਾ ਹੈ, ਇਸ ਲਈ ਉਹ ਕਮਾਈ ਕਰਨ ਦੇ ਯੋਗ ਵੀ ਹੈ। ਮਾਮਲੇ 'ਚ ਸਾਹਮਣੇ ਆਏ ਤੱਥਾਂ ਅਤੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸੈਸ਼ਨ ਕੋਰਟ ਨੇ ਕਿਹਾ ਕਿ ਵਿੱਦਿਅਕ ਯੋਗਤਾ ਹਾਸਲ ਕਰਨ ਅਤੇ ਪੈਸੇ ਕਮਾਉਣ ਲਈ ਸਿੱਖਿਆ ਦੀ ਵਰਤੋਂ ਕਰਨ 'ਚ ਬਹੁਤ ਅੰਤਰ ਹੈ। ਅਦਾਲਤ ਨੇ ਕਿਹਾ ਕਿ ਜੇਕਰ ਪਤਨੀ ਗ੍ਰੈਜੂਏਸ਼ਨ ਤੋਂ ਬਾਅਦ ਕਮਾਈ ਕਰਨ ਦੇ ਸਮਰੱਥ ਹੈ, ਤਾਂ ਇਹ ਉਸ ਨੂੰ ਗੁਜ਼ਾਰਾ-ਭੱਤਾ ਦੇਣ ਤੋਂ ਇਨਕਾਰ ਕਰਨ ਦਾ ਕੋਈ ਆਧਾਰ ਨਹੀਂ ਹੈ ਕਿਉਂਕਿ ਮੌਜੂਦਾ ਮਾਮਲੇ 'ਚ ਪ੍ਰਤੀਵਾਦੀ ਕੁਝ ਵੀ ਨਹੀਂ ਕਮਾ ਰਹੀ ਹੈ। ਇਸੇ ਨੂੰ ਦੇਖਦੇ ਹੋਏ ਪਟੀਸ਼ਨ ਨੂੰ ਅੰਸ਼ਕ ਤੌਰ 'ਤੇ ਸਵੀਕਾਰ ਕਰਦੇ ਹੋਏ ਟ੍ਰਾਇਲ ਕੋਰਟ ਵੱਲੋਂ ਦਿੱਤੇ ਹੁਕਮਾਂ ਨੂੰ ਇਸ ਹੱਦ ਤੱਕ ਸੋਧਿਆ ਜਾਂਦਾ ਹੈ ਕਿ ਪਟੀਸ਼ਨਕਰਤਾ ਦੀ ਪਤਨੀ ਦਾ ਭਰਣ-ਪੋਸ਼ਣ ਹੋ ਸਕੇ। ਸੈਸ਼ਨ ਕੋਰਟ ਨੇ ਟ੍ਰਾਇਲ ਕੋਰਟ ਵੱਲੋਂ ਦਿੱਤੇ ਹੁਕਮਾਂ ਵਿਚ ਸੋਧ ਕਰਦਿਆਂ ਪਤਨੀ ਦਾ ਦੂਜਾ ਵਿਆਹ ਹੋਣ ਤੱਕ ਟ੍ਰਾਇਲ ਕੋਰਟ ਵੱਲੋਂ ਨਿਰਧਾਰਤ ਕੀਤੇ ਗਏ ਗੁਜ਼ਾਰੇ-ਭੱਤੇ ਨੂੰ 2 ਹਜ਼ਾਰ ਰੁਪਏ ਤੋਂ ਵਧਾ ਕੇ 4 ਹਜ਼ਾਰ ਰੁਪਏ ਕਰ ਦਿੱਤਾ ਹੈ।

## ਰੱਖੜੀ ਦੇ ਮੌਕੇ ਮਾਤਾ ਵੈਸਨੋ ਦੇਵੀ ਜਾਣ ਵਾਲੇ ਸਰਧਾਲੂਆਂ ਲਈ ਖਾਸ ਖਬਰ, ਰੇਲਵੇ ਨੇ ਦਿੱਤੀ ਵੱਡੀ ਸਹੂਲਤ

ਨੈਸਨਲ ਡੈਸਕ 11 ਅਗਸਤ। ਰੱਖੜੀ ਦੇ ਤਿਉਹਾਰ 'ਤੇ ਮਾਤਾ ਵੈਸਨੋ ਦੇਵੀ ਦੇ ਦਰਸਨਾਂ ਲਈ ਜਾਣ ਵਾਲੇ ਸਰਧਾਲੂਆਂ ਲਈ ਵੱਡੀ ਖਬਰ ਸਾਹਮਣੇ ਆਈ ਹੈ। ਰੱਖੜੀ ਦੇ ਤਿਉਹਾਰ ਦੇ ਮੌਕੇ ਰੇਲਵੇ ਨੇ ਦਿੱਲੀ ਤੋਂ ਮਾਤਾ ਵੈਸਨੋ ਦੇਵੀ ਕਟੜਾ ਤੱਕ ਤਿੰਨ ਵਿਸੇਸ ਟਰੇਨਾਂ ਚਲਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿੱਚੋਂ ਦੋ ਟਰੇਨਾਂ ਨਵੀਂ ਦਿੱਲੀ ਤੋਂ ਚੱਲਣਗੀਆਂ ਅਤੇ ਇੱਕ ਟਰੇਨ ਦਿੱਲੀ ਜੰਕਸਨ-ਵਾਰਾਨਸੀ ਵਿਚਕਾਰ ਚੱਲੇਗੀ। ਇਸ ਤੋਂ ਇਲਾਵਾ ਹਜਰਤ ਨਿਜਾਮੂਦੀਨ ਰੇਲਵੇ ਸਟੇਸਨ ਤੋਂ ਇੰਦੌਰ ਲਈ ਇਕ ਵਿਸੇਸ ਰੇਲਗੱਡੀ ਵੀ ਚਲਾਈ ਜਾਵੇਗੀ, ਜਿਸ ਨਾਲ ਯਾਤਰੀਆਂ ਨੂੰ ਰਾਹਤ ਮਿਲੇਗੀ। ਟਰੇਨ ਨੰਬਰ 04087 ਨਵੀਂ ਦਿੱਲੀ-




ਸ੍ਰੀ ਮਾਤਾ ਵੈਸਨੋ ਦੇਵੀ ਕਟੜਾ ਸਪੈਸਲ ਟਰੇਨ 14 ਅਤੇ 16 ਅਗਸਤ ਨੂੰ ਚੱਲੇਗੀ। ਵਾਪਸੀ ਵਿਚ, ਟ੍ਰੇਨ ਨੰਬਰ 04088 ਸ੍ਰੀ ਮਾਤਾ ਵੈਸਨੋ ਦੇਵੀ ਕਟੜਾ-ਨਵੀਂ ਦਿੱਲੀ ਸਪੈਸਲ ਟਰੇਨ 15 ਅਤੇ 17 ਅਗਸਤ ਨੂੰ ਚੱਲੇਗੀ। ਟਰੇਨ ਨੰਬਰ 04081 ਨਵੀਂ ਦਿੱਲੀ-ਸ੍ਰੀ ਮਾਤਾ ਵੈਸਨੋ ਦੇਵੀ ਕਟੜਾ 15 ਅਗਸਤ ਨੂੰ ਰਵਾਨਾ ਹੋਵੇਗੀ। ਵਾਪਸੀ ਵਿਚ, ਰੇਲ ਗੱਡੀ ਨੰਬਰ 04082 ਸ੍ਰੀ ਮਾਤਾ ਵੈਸਨੋ ਦੇਵੀ ਕਟੜਾ-ਨਵੀਂ ਦਿੱਲੀ 16 ਅਗਸਤ ਨੂੰ ਚੱਲੇਗੀ। . ਟਰੇਨ ਨੰਬਰ 04080 ਦਿੱਲੀ ਜੰਕਸਨ-ਵਾਰਾਨਸੀ ਰਿਜਰਵ ਸਪੈਸਲ ਟਰੇਨ ਹਰ ਬੁੱਧਵਾਰ ਅਤੇ ਐਤਵਾਰ ਨੂੰ 14 ਅਗਸਤ ਤੋਂ 111 ਅਗਸਤ ਦਰਮਿਆਨ ਚੱਲੇਗੀ। ਵਾਪਸੀ ਵਿੱਚ, ਟਰੇਨ ਨੰਬਰ 04079 ਵਾਰਾਨਸੀ-ਦਿੱਲੀ ਜੰਕਸਨ ਸਪੈਸਲ ਟਰੇਨ 15 ਤੋਂ 111 ਅਗਸਤ ਦਰਮਿਆਨ ਹਰੇਕ ਵੀਰਵਾਰ ਅਤੇ ਸੋਮਵਾਰ ਨੂੰ ਚੱਲੇਗੀ। ਟਰੇਨ ਨੰਬਰ 04412 ਹਜਰਤ ਨਿਜਾਮੂਦੀਨ-ਇੰਦੌਰ ਸਪੈਸਲ ਟਰੇਨ 14 ਅਗਸਤ ਨੂੰ ਚੱਲੇਗੀ। ਇਨ੍ਹਾਂ ਸਪੈਸਲ ਟਰੇਨਾਂ ਦੇ ਸੰਚਾਲਨ ਨਾਲ ਯਾਤਰੀਆਂ ਨੂੰ ਤਿਉਹਾਰ ਦੇ ਦਿਨਾਂ ਦੌਰਾਨ ਯਾਤਰਾ ਕਰਨ ਦੀ ਸਹੂਲਤ ਮਿਲੇਗੀ।

## ਗੁਰਦੁਆਰਾ ਸਾਹਿਬ ਦੇ ਕੈਸ਼ੀਅਰ ਘਰ ਚੋਰ ਨੇ 1 ਲੱਖ ਤੋਂ ਵੱਧ ਨਕਦੀ ਸਣੇ ਸੋਨੇ ਦੇ ਗਹਿਣੇ ਕੀਤੇ ਚੋਰੀ

ਗੁਰਦਾਪਸੁਰ 11 ਅਗਸਤ। ਥਾਣਾ ਸਦਰ ਪੁਲਸ ਸਟੇਸ਼ਨ ਦੇ ਅਧੀਨ ਪੈਂਦੇ ਪਿੰਡ ਭਾਗੋਕਾਵਾ ਵਿਖੇ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਕੈਸ਼ੀਅਰ ਦੇ ਘਰੋਂ ਚੋਰ 1ਲੱਖ 50ਹਜ਼ਾਰ ਰੁਪਏ ਦੀ ਨਗਦੀ ਅਤੇ 12 ਤੋਲੇ ਸੋਨੇ ਦੇ ਗਹਿਣੇ ਚੋਰੀ ਕਰਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਸਦਰ ਪੁਲਸ ਨੇ ਅਣਪਛਾਤੇ ਚੋਰਾਂ ਦੇ ਖ਼ਿਲਾਫ ਮਾਮਲਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਏ. ਐੱਸ. ਆਈ. ਤਿਲਕ ਰਾਜ ਨੇ ਦੱਸਿਆ ਕਿ ਕਸ਼ਮੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਭਾਗੋਕਾਵਾਂ ਥਾਣਾ ਸਦਰ ਗੁਰਦਾਸਪੁਰ ਨੇ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਹ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਮੌਜੂਦਾ ਕਮੇਟੀ ਦਾ ਕੈਸ਼ੀਅਰ ਹੈ। ਬੀਤੇ ਦਿਨੀਂ ਉਹ ਪਰਿਵਾਰ ਸਮੇਤ ਰਾਤ ਦਾ ਖਾਣਾ ਖਾ ਕੇ ਸੌਂ ਗਿਆ । ਜਦ ਸਵੇਰੇ ਉੱਠ ਕੇ ਵੇਖਿਆ ਤਾਂ ਜਾਲੀ ਵਾਲੇ ਦਰਵਾਜ਼ੇ ਦੀ ਜਾਲੀ ਟੁੱਟੀ ਹੋਈ ਸੀ ਅਤੇ ਸਟੋਰ ਵਿਚ ਰੱਖੀ ਅਲਮਾਰੀ ਵਿਚੋਂ 1ਲੱਖ 50ਹਜ਼ਾਰ ਰੁਪਏ ਦੀ ਨਕਦੀ, 12 ਤੋਲੇ ਸੋਨੇ ਦੇ ਗਹਿਣੇ ਕੋਈ ਅਣਪਛਾਤਾ ਵਿਅਕਤੀ ਕਮਰੇ ਦੀ ਪਿੱਛਲੀ ਗਰਿੱਲ ਤੋੜ ਕੇ ਚੋਰੀ ਕਰਕੇ ਲੈ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਕਸ਼ਮੀਰ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਦੇ ਖ਼ਿਲਾਫ ਮਾਮਲਾ ਦਰਜ ਕਰਕੇ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

# ਸੈਂਸੈਕਸ 581 ਅੰਕ ਡਿੱਗ ਕੇ 78,886 'ਤੇ ਹੋਇਆ ਬੰਦ, ਨਿਫਟੀ ਵੀ 180 ਅੰਕ ਡਿੱਗਿਆ

**ਕਿਸ਼ਨ ਪਾਲ**

ਮੁੰਬਈ 11 ਅਗਸਤ। ਸੇਅਰ ਬਾਜ਼ਾਰ 'ਚ ਅੱਜ ਯਾਨੀ 11 ਅਗਸਤ ਨੂੰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਸੈਂਸੈਕਸ 581 ਅੰਕਾਂ ਦੀ ਗਿਰਾਵਟ ਨਾਲ 78,886 'ਤੇ ਬੰਦ ਹੋਇਆ। ਇਸ ਦੇ ਨਾਲ ਹੀ ਨਿਫਟੀ ਵੀ 180 ਅੰਕ ਡਿੱਗ ਕੇ 24,117 ਦੇ ਪੱਧਰ 'ਤੇ ਬੰਦ ਹੋਇਆ। ਸੈਂਸੈਕਸ ਦੇ 30 ਸਟਾਕਾਂ 'ਚੋਂ 24 'ਚ ਗਿਰਾਵਟ ਅਤੇ 6 'ਚ ਵਾਧਾ ਦੇਖਿਆ ਗਿਆ ਹੈ। ਅੱਜ ਆਈ.ਟੀ., ਊਰਜਾ, ਬੈਂਕਿੰਗ ਅਤੇ ਮੈਟਲ ਸੇਅਰਾਂ 'ਚ ਜ਼ਿਆਦਾ ਗਿਰਾਵਟ ਹੈ। ਨਿਫਟੀ ਆਈਟੀ ਇੰਡੈਕਸ 'ਚ 1.95 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਤੇਲ ਅਤੇ ਗੈਸ, ਰੀਅਲਟੀ ਅਤੇ ਧਾਤੂ ਸੂਚਕਾਂਕ 1% ਤੋਂ ਵੱਧ ਡਿੱਗ ਗਏ। ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਲਗਾਤਾਰ 9ਵੀਂ ਵਾਰ ਵਿਆਜ ਦਰਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਹੈ। ਆਰਬੀਆਈ ਨੇ ਵਿਆਜ ਦਰਾਂ ਨੂੰ 6.5% 'ਤੇ ਬਰਕਰਾਰ ਰੱਖਿਆ ਹੈ। ਆਰਬੀਆਈ ਨੇ ਪਿਛਲੀ ਵਾਰ ਫਰਵਰੀ 2023 ਵਿੱਚ ਦਰਾਂ ਵਿੱਚ 0.25% ਵਧਾ ਕੇ 6.5% ਤੱਕ ਵਾਧਾ




ਕੀਤਾ ਸੀ। ਏਸ਼ੀਆਈ ਬਾਜ਼ਾਰ 'ਚ ਅੱਜ ਮਿਲਿਆ-ਜੁਲਿਆ ਕਾਰੋਬਾਰ ਦੇਖਣ ਨੂੰ ਮਿਲਿਆ। ਜਾਪਾਨ ਦਾ ਨਿੱਕੇਈ 0.74% ਵਧਿਆ। ਹਾਂਗਕਾਂਗ ਦਾ ਹੈਂਗ ਸੇਂਗ 0.08% ਅਤੇ ਕੋਰੀਆ ਦਾ ਕੋਸਪੀ 0.45% ਡਿੱਗਿਆ ਹੈ। ਚੀਨ ਦਾ ਸੰਘਾਈ ਕੰਪੋਜ਼ਿਟ ਫਲੈਟ ਬੰਦ ਹੋਇਆ। ਬੁੱਧਵਾਰ ਨੂੰ ਅਮਰੀਕੀ ਬਾਜ਼ਾਰ ਡਾਓ ਜੋਂਸ 0.60 ਫੀਸਦੀ ਡਿੱਗ ਕੇ 38,763 ਦੇ ਪੱਧਰ 'ਤੇ ਬੰਦ ਹੋਇਆ ਹੈ। ਨੈਸਡੈਕ ਵੀ 1.05% ਡਿੱਗਿਆ। 16,195 ਦੇ ਪੱਧਰ 'ਤੇ ਬੰਦ ਹੋਇਆ। 500 0.77% ਦੀ ਗਿਰਾਵਟ ਨਾਲ 5,199 'ਤੇ ਬੰਦ ਹੋਇਆ। ਸੀਗਲ ਇੰਡੀਆ ਲਿਮਟਿਡ, ਇੱਕ ਬੁਨਿਆਦੀ ਢਾਂਚਾ ਖੇਤਰ ਦੀ ਕੰਪਨੀ, ਦੇ ਸੇਅਰ ਅੱਜ ਯਾਨੀ 11 ਅਗਸਤ ਨੂੰ ਸਟਾਕ ਮਾਰਕੀਟ ਵਿੱਚ ਸੂਚੀਬੱਧ ਕੀਤੇ ਗਏ ਸਨ। ਕੰਪਨੀ ਦੇ ਸੇਅਰ 'ਤੇ 413 ਰੁਪਏ 'ਤੇ ਸੂਚੀਬੱਧ ਹਨ। ਇਹ 'ਤੇ 4.5% ਦੇ ਪ੍ਰੀਮੀਅਮ ਨਾਲ 419 ਰੁਪਏ 'ਤੇ ਸੂਚੀਬੱਧ ਹੈ। ਇਸ ਦੇ ਲਈ ਪ੍ਰਾਈਸ ਬੈਂਡ 380 ਤੋਂ 401 ਰੁਪਏ ਪ੍ਰਤੀ ਸੇਅਰ ਰੱਖਿਆ ਗਿਆ ਸੀ।

## ਲਾਰੈਂਸ ਬਿਸ਼ਨੋਈ ਦੇ ਮਾਮਲੇ 'ਤੇ ਕੇਂਦਰ 'ਤੇ ਵਰ੍ਹੇ ਰਾਜਾ ਵੜਿੰਗ, ਕਿਹਾ ਪੇਸ਼ੀ 'ਤੇ ਇੰਝ ਆਉਂਦਾ ਜਿਵੇਂ ਗ੍ਰਹਿ ਮੰਤਰੀ ਹੋਵ

ਨਵੀਂ ਦਿੱਲੀ/ਚੰਡੀਗੜ੍ਹ 11 ਅਗਸਤ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲਾਰੈਂਸ ਬਿਸ਼ਨੋਈ ਦੇ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਘੇਰਿਆ ਹੈ। ਸੰਸਦ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਪੇਸ਼ੀ 'ਤੇ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਗ੍ਰਹਿ ਮੰਤਰੀ ਹੋਵੇ। ਉਸ ਨੂੰ ਸੂਬਿਆਂ ਅਤੇ ਕੇਂਦਰ ਦੀਆਂ ਜੇਲ੍ਹਾਂ ਵਿਚ ਵਿਸ਼ੇਸ਼ ਸਹੂਲਤਾਂ ਮਿਲ ਰਹੀਆਂ ਹਨ। ਕੀ ਕੇਂਦਰ ਸਰਕਾਰ ਉਸ 'ਤੇ ਕੋਈ ਕਾਰਵਾਈ ਕਰੇਗੀ। ਵੜਿੰਗ ਨੇ ਸਦਨ ਵਿਚ ਲਾਰੈਂਸ ਨੂੰ ਦੇਸ਼ ਦਾ ਅੱਤਵਾਦੀ ਦੱਸਿਆ। ਸਾਂਸਦ ਨੇ ਕੇਂਦਰ ਤੋਂ ਸਵਾਲ ਪੁੱਛਦੇ ਹੋਏ ਕਿਹਾ ਕਿ ਕੀ ਕੇਂਦਰ ਦੱਸ ਸਕਦਾ ਹੈ ਕਿ ਇਸ ਨੂੰ ਕਦੋਂ ਤਕ ਰੋਕਿਆ ਜਾਵੇਗਾ। ਵੜਿੰਗ ਨੇ ਕਿਹਾ ਕਿ ਉਹ ਦੇਸ਼ ਵਿਚ ਇਕ ਵੱਡੇ ਗੈਂਗਸਟਰ



ਸੰਬੰਧੀ ਗੱਲ ਕਰਨਾ ਚਾਹੁੰਦੇ ਹਨ ਜਿਸ ਦਾ ਨਾਮ ਲਾਰੈਂਸ ਬਿਸ਼ਨੋਈ ਹੈ ਅਤੇ ਉਸ ਦਾ ਅੱਤਵਾਦ ਪੂਰੇ ਦੇਸ਼ ਵਿਚ ਫੈਲਿਆ ਹੋਇਆ ਹੈ। ਫਿਲਹਾਲ ਉਹ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿਚ ਬੰਦ ਹੈ। ਲਾਰੈਂਸ ਨੇ ਵਿਸ਼ਵ ਪ੍ਰਸਿੱਧ ਕਲਾਕਾਰ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਹੈ ਅਤੇ ਉਹ ਕਹਿੰਦਾ ਹੈ ਕਿ ਉਹ ਸਲਮਾਨ ਖਾਨ ਨੂੰ ਵੀ ਮਾਰੇਗਾ। ਅੱਜ ਪੰਜਾਬ ਵਿਚ ਉਸ ਦਾ ਅੱਤਵਾਦ ਚੋਟੀ 'ਤੇ ਹੈ। ਉਹ ਵਪਾਰੀਆਂ ਤੋਂ ਫਿਰੌਤੀ ਲੈਂਦਾ ਹੈ ਅਤੇ ਜਿਹੜਾ ਉਸ ਨੂੰ ਫਿਰੌਤੀ ਨਹੀਂ ਦਿੰਦਾ, ਉਸ ਨੂੰ ਮਾਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲਗਭਗ 6 ਮਹੀਨੇ ਪਹਿਲਾਂ ਜੇਲ੍ਹ ਵਿਚੋਂ ਉਸ ਦਾ ਇੰਟਰਵਿਊ ਆਇਆ ਸੀ। ਅਸੀਂ ਰੌਲਾ ਪਾਇਆ ਅਤੇ ਹਾਈਕੋਰਟ ਨੇ ਆਪ ਨੋਟਿਸ ਲਿਆ। ਉਸ ਤੋਂ ਬਾਅਦ ਪਤਾ ਲੱਗਾ ਕਿ ਪੁਲਸ ਵਾਲਿਆਂ ਨੇ ਉਸ ਦਾ ਇੰਟਰਵਿਊ ਇਕ ਵੱਡੇ ਚੈਨਲ 'ਤੇ ਸੀ. ਆਈ. ਏ. (ਜਿੱਥੇ ਪੁੱਛਗਿੱਛ ਹੁੰਦੀ ਹੈ) ਵਿਚ ਕਰਵਾਇਆ ਸੀ। ਇਕ ਪੰਜਾਬ ਅਤੇ ਦੂਜਾ ਰਾਜਸਥਾਨ ਵਿਚ ਕਰਵਾਇਆ। ਉਹ ਰੋਜਾਨਾ ਲੋਕਾਂ ਦੇ ਕਤਲ ਕਰਵਾ ਰਿਹਾ ਹੈ।

## ਭ੍ਰਿਸ਼ਟਾਚਾਰ ਦੇ ਕੇਸ 'ਚ ਭਗੌੜਾ ਫੂਡ ਸਪਲਾਈ ਅਫ਼ਸਰ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

ਤਰਨਤਾਰਨ, 11 ਅਗਸਤ। ਵਿਜੀਲੈਂਸ ਬਿਊਰੋ ਨੇ ਤਰਨਤਾਰਨ ਵਿਖੇ ਸਹਾਇਕ ਖੁਰਾਕ ਸਪਲਾਈ ਅਫਸਰ (ਏ.ਐੱਫ.ਐੱਸ.ਓ.) ਵਜੋਂ ਤਾਇਨਾਤ ਕੰਵਲਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਉਹ ਪੁਲਸ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਦਰਜ ਇਕ ਮਾਮਲੇ 'ਚ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਮਾਰਚ 2024 ਤੋਂ ਫਰਾਰ ਸੀ। ਇਹ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਓਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਕਣਕ ਦੇ ਸਟਾਕ ਵਿੱਚ ਹੇਰਾਫੇਰੀ ਦੇ ਇੱਕ ਕੇਸ ਵਿੱਚ ਤਫਤੀਸ ਦੌਰਾਨ ਜੁਟਾਏ ਗਏ ਸਬੂਤਾਂ ਅਤੇ ਉਸਦੇ ਸਹਿ-ਮੁਲਜਮ ਦੇ ਬਿਆਨਾਂ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਵਿੱਚ ਉਸ ਨੇ ਹੋਰਨਾਂ ਮੁਲਜ਼ਮਾਂ ਨਾਲ ਮਿਲ ਕੇ ਕਣਕ ਦਾ 1 ਕਰੋੜ 25 ਲੱਖ ਰੁਪਏ ਦਾ ਸਰਕਾਰੀ ਸਟਾਕ ਧੋਖੇ ਨਾਲ ਵੇਚ ਦਿੱਤਾ ਸੀ। ਦੱਸਣਯੋਗ ਹੈ ਕਿ ਉਕਤ ਮੁਲਜ਼ਮ ਏ.ਐੱਫ.ਐੱਸ.ਓ. ਨੂੰ ਅੱਜ ਮਾਣਯੋਗ ਅਦਾਲਤ ਵਿੱਚ ਪੇਸ ਕੀਤਾ ਗਿਆ, ਜਿਸ ਉਪਰੰਤ ਬਿਊਰੋ ਨੂੰ ਉਸਦਾ ਇੱਕ ਦਿਨ ਦਾ ਪੁਲਿਸ ਰਿਮਾਂਡ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਯੂਨਿਟ ਅੰਮ੍ਰਿਤਸਰ ਵਿਖੇ ਅਗਲੇਰੀ ਜਾਂਚ ਜਾਰੀ ਹੈ।

## ਸੰਸਦ ਮੈਂਬਰ ਦਾ ਪੀ.ਏ. ਬਣ ਕੇ ਮੁੰਬਈ ਦੇ ਮਸ਼ਹੂਰ ਰੈਸਟੋਰੈਂਟ ਮਾਲਕ ਨੂੰ ਠੱਗਣ ਵਾਲਾ ਗ੍ਰਿਫਤਾਰ

ਮੁੰਬਈ 11 ਅਗਸਤ। ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਸੰਸਦ ਮੈਂਬਰ ਅਰਵਿੰਦ ਸਾਵੰਤ ਦਾ ਨਿੱਜੀ ਸਹਾਇਕ (ਪੀ.ਏ.) ਦੱਸ ਕੇ ਇੱਥੇ ਪ੍ਰਸਿੱਧ 'ਬੜੇ ਮੀਆਂ' ਰੈਸਟੋਰੈਂਟ ਦੇ ਮਾਲਕ ਤੋਂ 11.2 ਲੱਖ ਰੁਪਏ ਤੋਂ ਵੱਧ ਦੀ ਠੱਗੀ ਕਰਨ ਦੇ ਦੋਸ਼ 'ਚ ਬੁੱਧਵਾਰ ਨੂੰ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਸੂਰਜ ਆਰ. ਕਲਾਵ ਨੇ ਰੈਸਟੋਰੈਂਟ ਤੋਂ ਸੈਂਕੜੇ ਪਲੇਟਾਂ ਭੋਜਨ ਦਾ ਆਰਡਰ ਦਿੱਤਾ ਅਤੇ ਨਾਲ ਹੀ ਸ਼ਿਕਾਇਤਕਰਤਾ ਦੀ ਧੀ ਦਾ ਸਰਕਾਰੀ ਲਾਅ ਕਾਲਜ 'ਚ ਦਾਖਲ ਕਰਵਾਉਣ ਦਾ ਵਾਅਦਾ ਵੀ ਕੀਤਾ। ਉਨ੍ਹਾਂ ਦੱਸਿਆ ਕਿ ਰੈਸਟੋਰੈਂਟ ਦੇ ਮਾਲਕ ਜਮਾਲ ਮੁਹੰਮਦ ਯਾਸੀਨ ਸ਼ੇਖ ਨੇ ਕੁਝ ਦਿਨ ਪਹਿਲੇ ਇਸ ਸੰਬੰਧ 'ਚ ਸ਼ਿਕਾਇਤ ਦਰਜ ਕਰਵਾਈ ਸੀ। ਸ਼ੇਖ ਨੇ ਦੱਸਿਆ ਕਿ ਦੋਸ਼ੀ ਨੇ ਪਿਛਲੇ ਮਹੀਨੇ ਉਨ੍ਹਾਂ ਨੂੰ ਫੋਨ ਕੀਤਾ ਅਤੇ ਖੁਦ ਨੂੰ ਸੰਸਦ ਮੈਂਬਰ ਅਰਵਿੰਦ ਸਾਵੰਤ ਦਾ ਨਿੱਜੀ ਸਹਾਇਕ ਦੱਸਦੇ ਹੋਏ ਮੱਧ ਮੁੰਬਈ ਦੇ ਲਾਲਬਾਗ ਸਥਿਤ ਭਾਰਤ ਮਾਤਾ ਜੰਕਸ਼ਨ ਦੇ ਪਤੇ 'ਤੇ ਖਾਣਾ ਆਰਡਰ ਕੀਤਾ। ਉਨ੍ਹਾਂ ਦੱਸਿਆ ਕਿ ਦੋਸ਼ੀ ਨੇ 2 ਜੁਲਾਈ ਤੋਂ 29 ਜੁਲਾਈ ਦਰਮਿਆਨ ਰੋਜਾਨਾ ਖਾਣਾ ਮੰਗਵਾਇਆ, ਜਦੋਂ ਮਹਾਰਾਸ਼ਟਰ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ ਚੱਲ ਰਿਹਾ ਸੀ। ਰੈਸਟੋਰੈਂਟ ਮਾਲਕ ਦਾ ਦੋਸ਼ ਹੈ ਕਿ ਉਸ ਨੇ ਇਕ ਵਾਰ 'ਚ ਪੂਰਾ ਬਿੱਲ ਚੁਕਾਉਣ ਦੀ ਗੱਲ ਕਹੀ ਸੀ।

# ਕੇਰਲ ਹਾਦਸੇ 'ਤੇ ਪੁਲਸ ਦਾ ਵੱਡਾ ਬਿਆਨ, ਕਿਹਾ-ਅਸੀਂ ਲੋਕਾਂ ਨੂੰ ਮਲਬੇ ਨਾਲ ਵਹਿੰਦੇ ਹੋਏ

ਵਾਇਨਾਡ 11 ਅਗਸਤ। ਵਾਇਨਾਡ ਵਿੱਚ ਜ਼ਮੀਨ ਖਿਸਕਣ ਕਾਰਨ ਵਾਪਰੀ ਘਟਨਾ ਨੂੰ ਇਕ ਹਫਤੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਉਸ ਭਿਆਨਕ ਦਿਨ ਦੀਆਂ ਯਾਦਾਂ ਅਜੇ ਵੀ ਮੇਪਦੀ ਪੁਲਸ ਸਟੇਸਨ ਦੇ ਇੱਕ ਪੁਲਸ ਅਧਿਕਾਰੀ ਨੂੰ ਸਤਾ ਰਹੀਆਂ ਹਨ। ਮੇਪਦੀ ਥਾਣੇ ਦੇ ਸਿਵਲ ਪੁਲਸ ਅਧਿਕਾਰੀ ਜਿਬਲੂ ਰਹਿਮਾਨ ਨੇ ਜ਼ਮੀਨ ਖਿਸਕਣ ਦੀ ਘਟਨਾ ਤੋਂ ਬਾਅਦ ਤੁਰੰਤ ਕਾਰਵਾਈ ਕਰਦੇ ਹੋਏ ਉੜੀਸਾ ਦੇ ਦੋ ਸੈਲਾਨੀਆਂ ਨੂੰ ਮਲਬੇ ਤੋਂ ਬਚਾਇਆ। ਜਦੋਂ ਰਹਿਮਾਨ ਮੌਕੇ 'ਤੇ ਪਹੁੰਚੇ ਤਾਂ ਜਿਉਂਦੇ ਲੋਕਾਂ ਵਿਚੋਂ ਇਕ ਦੇ ਹੱਥ-ਪੈਰ ਟੁੱਟੇ ਹੋਏ ਸਨ ਅਤੇ ਦੂਜੇ ਦੇ ਕੱਪੜੇ ਫੱਟੇ ਸਨ ਅਤੇ ਸੱਟਾਂ ਲੱਗੀਆਂ ਹੋਈਆਂ ਸਨ। ਉਹ ਮਦਦ ਲਈ ਰੌਲਾ ਪਾ ਰਹੇ ਸਨ। ਰਹਿਮਾਨ ਨੇ ਪੀਟੀਆਈ ਨੂੰ ਦੱਸਿਆ, "ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉੱਪਰ ਦੋ ਹੋਰ ਲੋਕ ਹਨ। ਮੈਂ ਉਹਨਾਂ ਨੂੰ ਆਪਣੀ ਟੀ-ਸਰਟ ਅਤੇ ਕੋਟ ਦਿੱਤਾ ਅਤੇ ਉੱਥੇ ਪਹੁੰਚੇ ਸਥਾਨਕ ਨੌਜਵਾਨਾਂ ਨੂੰ ਸੌਂਪ ਦਿੱਤਾ। ਫਿਰ, ਮੈਂ ਦੂਜੇ ਦੋ ਆਦਮੀਆਂ ਨੂੰ ਲੱਭਣ ਲਈ ਉੱਪਰ ਵੱਲ ਗਿਆ।" ਜਿਉਂ ਹੀ ਰਹਿਮਾਨ ਦੋ ਵਿਅਕਤੀਆਂ ਵੱਲ ਉੱਪਰ ਵੱਲ ਵਧਿਆ, ਉਨ੍ਹਾਂ ਨੇ ਇੱਕ ਉੱਚੀ ਆਵਾਜ ਸੁਣੀ ਅਤੇ ਮਹਿਸੂਸ ਕੀਤਾ ਕਿ ਇੱਕ ਹੋਰ ਜ਼ਮੀਨ ਖਿਸਕਣ ਦੀ ਘਟਨਾ ਵਾਪਰ ਗਈ ਹੈ। ਹੋਰ ਕੋਈ ਚਾਰਾ ਨਾ ਹੋਣ ਕਰਕੇ ਉਹ ਸੁਰੱਖਿਆ ਥਾਂ ਵੱਲ ਨੂੰ ਭੱਜ ਗਏ। ਉਨ੍ਹਾਂ ਨੇ ਦੇਖਿਆ ਕਿ ਪਾਣੀ ਪੂਰੀ ਰਫਤਾਰ ਨਾਲ ਹੇਠਾਂ ਵੱਲ ਵਹਿ ਰਿਹਾ ਸੀ ਅਤੇ ਆਪਣੇ ਨਾਲ ਚਿੱਕੜ, ਪੱਥਰ ਅਤੇ ਦਰੱਖਤ ਲੈ ਜਾ ਰਿਹਾ ਸੀ। ਉਹਨਾਂ ਨੇ ਉਸ ਸਮੇਂ ਲੋਕਾਂ ਨੂੰ ਮਲਬੇ ਨਾਲ ਵਹਿੰਦੇ ਹੋਏ ਦੇਖਿਆ, ਜਿਸ ਨਾਲ ਉਹਨਾਂ ਦੇ ਰੌਂਗਟੇ ਖੜ੍ਹੇ ਹੋ ਗਏ। ਉਸ ਸਮੇਂ ਉਹ




ਆਪਣੇ ਆਪ ਨੂੰ ਕੁਝ ਵੀ ਕਰਨ ਤੋਂ ਅਸਮਰੱਥ ਮਹਿਸੂਸ ਕਰ ਰਹੇ ਸਨ। ਰਹਿਮਾਨ ਤੋਂ ਪਹਿਲਾਂ ਜੰਗਲਾਤ ਵਿਭਾਗ ਦੀ ਰਾਤ ਦੀ ਗਸਤ ਟੀਮ ਮੌਕੇ 'ਤੇ ਸੀ, ਜੋ ਰਿਹਾਇਸੀ ਖੇਤਰ ਵਿੱਚ ਹਾਥੀਆਂ ਦੇ ਘੁੰਮਣ ਬਾਰੇ ਸਥਾਨਕ ਲੋਕਾਂ ਦੀਆਂ ਕਾਲਾਂ ਦਾ ਜਵਾਬ ਦੇ ਰਹੇ ਸੀ। ਮੇਪੜੀ ਦੇ ਉਪ ਜੰਗਲਾਤ ਰੇਂਜ ਅਧਿਕਾਰੀ ਕੇ ਪ੍ਰਦੀਪ ਨੇ ਪੀਟੀਆਈ ਨੂੰ ਦੱਸਿਆ, "ਸਥਾਨਕ ਲੋਕਾਂ ਤੋਂ ਸੂਚਨਾ ਮਿਲਣ ਤੋਂ ਬਾਅਦ ਸਾਡੀ ਰਾਤ ਦੀ ਗਸਤ ਟੀਮ ਮੌਕੇ 'ਤੇ ਪਹੁੰਚ ਗਈ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਹਾਥੀ ਰਿਹਾਇਸੀ ਖੇਤਰ ਵਿੱਚ ਦਾਖਲ ਹੋ ਗਏ ਹਨ। ਅਸੀਂ ਹਾਥੀਆਂ ਨੂੰ ਵਾਪਿਸ ਜੰਗਲ ਵਿਚ ਭਜਾਉਣ ਲਈ ਉਥੇ ਗਏ ਸੀ।" ਮੌਕੇ 'ਤੇ ਪਹੁੰਚ ਕੇ ਉਨ੍ਹਾਂ ਨੇ ਨਦੀ 'ਚ ਪਾਣੀ ਦਾ ਪੱਧਰ ਵਧਦਾ ਦੇਖਿਆ, ਜਿਸ ਮਗਰੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੀ ਚਿਤਾਵਨੀ ਦਿੱਤੀ। ਪ੍ਰਦੀਪ ਨੇ ਕਿਹਾ, "ਜਦੋਂ ਅਸੀਂ ਵਾਪਸ ਆ ਰਹੇ ਸੀ ਤਾਂ ਅਸੀਂ ਇੱਕ ਉੱਚੀ ਆਵਾਜ ਸੁਣੀ ਅਤੇ ਪਹਿਲੀ ਜ਼ਮੀਨ ਖਿਸਕਣ ਦੀ ਘਟਨਾ ਵਾਪਰੀ। ਇਸ ਮੌਕੇ ਲੋਕਾਂ ਨੇ ਸੁਰੱਖਿਆ ਲਈ ਭੱਜਣਾ ਸੁਰੂ ਕਰ ਦਿੱਤਾ ਅਤੇ ਅਸੀਂ ਲੋਕਾਂ ਨੂੰ ਸੁਰੱਖਿਆ ਥਾਂ 'ਤੇ ਪਹੁੰਚਾਉਣ ਵਿਚ ਮਦਦ ਲਈ ਆਪਣੀਆਂ ਸਰਚ ਲਾਈਟਾਂ ਅਤੇ ਵਾਹਨਾਂ ਦੀਆਂ ਹੈੱਡਲਾਈਟਾਂ ਨੂੰ ਚਾਲੂ ਕਰ ਦਿੱਤਾ।" ਜੰਗਲਾਤ ਟੀਮ ਨੇ 45 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਜਦੋਂ ਬਚਾਅ ਕਾਰਜ ਚੱਲ ਰਿਹਾ ਸੀ, ਉਨ੍ਹਾਂ ਨੇ ਇੱਕ ਹੋਰ ਉੱਚੀ ਆਵਾਜ ਸੁਣੀ ਅਤੇ ਮਹਿਸੂਸ ਕੀਤਾ ਕਿ ਇੱਕ ਵੱਡਾ ਜ਼ਮੀਨ ਖਿਸਕ ਗਿਆ ਹੈ।

# ਨੌਕਰੀ ਲਈ ਫਰਜੀ ਸਰਟੀਫਿਕੇਟ ਦੇਣ ਵਾਲੇ ਸਰਕਾਰੀ ਮੁਲਾਜਮਾਂ ਨੂੰ ਕੀਤਾ ਜਾ ਸਕਦੈ ਬਰਖਾਸਤ: ਕੇਂਦਰ

**ਏਜੰਸੀਆਂ**


ਨਵੀਂ ਦਿੱਲੀ 11 ਅਗਸਤ। ਸਰਕਾਰ ਨੇ ਵੀਰਵਾਰ ਨੂੰ ਕਿਹਾ ਕਿ ਮੌਜੂਦਾ ਨਿਰਦੇਸਾਂ ਦੇ ਅਨੁਸਾਰ ਕਿਸੇ ਸਰਕਾਰੀ ਕਰਮਚਾਰੀ ਨੂੰ ਨਿਯੁਕਤੀ ਲੈਣ ਲਈ ਗਲਤ ਜਾਣਕਾਰੀ ਦੇਣ ਜਾਂ ਝੂਠਾ ਸਰਟੀਫਿਕੇਟ ਪੇਸ ਕਰਨ 'ਤੇ ਬਰਖਾਸਤ ਕੀਤਾ ਜਾ ਸਕਦਾ ਹੈ। ਕੇਂਦਰੀ ਅਮਲਾ ਰਾਜ ਮੰਤਰੀ ਜਿਤੇਂਦਰ ਸਿੰਘ ਨੇ ਰਾਜ ਸਭਾ ਵਿੱਚ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ 'ਤੇ ਸਰਕਾਰੀ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਜਾਅਲੀ ਜਾਤੀ ਸਰਟੀਫਿਕੇਟਾਂ ਦੇ ਆਧਾਰ 'ਤੇ ਨੌਕਰੀਆਂ ਮਿਲਣ ਦੀਆਂ ਸ਼ਿਕਾਇਤਾਂ ਮਿਲਦੀਆਂ ਹਨ, ਜੋ ਆਮ ਤੌਰ 'ਤੇ ਸਬੰਧਤ ਮੰਤਰਾਲਿਆਂ/ਵਿਭਾਗਾਂ ਨੂੰ ਢੁਕਵੀਂ ਕਾਰਵਾਈ ਲਈ ਭੇਜੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ, "ਮੌਜੂਦਾ ਹਦਾਇਤਾਂ ਅਨੁਸਾਰ, ਜੇਕਰ ਇਹ ਪਾਇਆ ਜਾਂਦਾ ਹੈ ਕਿ ਕਿਸੇ ਸਰਕਾਰੀ ਕਰਮਚਾਰੀ ਨੇ ਨਿਯੁਕਤੀ ਲੈਣ ਲਈ ਗਲਤ ਜਾਣਕਾਰੀ ਦਿੱਤੀ ਹੈ ਜਾਂ ਗਲਤ ਸਰਟੀਫਿਕੇਟ ਪੇਸ ਕੀਤਾ, ਤਾਂ ਉਸ ਨੂੰ ਨੌਕਰੀ 'ਤੇ ਬਰਕਰਾਰ ਨਹੀਂ ਰੱਖਿਆ ਜਾਣਾ ਚਾਹੀਦਾ।" ਮੰਤਰੀ ਨੇ ਕਿਹਾ ਕਿ ਜਦੋਂ ਨਿਯੁਕਤੀ ਅਥਾਰਟੀ ਨੂੰ ਪਤਾ ਲੱਗਦਾ ਹੈ ਕਿ ਕਿਸੇ ਕਰਮਚਾਰੀ ਨੇ ਜਾਅਲੀ




ਜਾਤੀ ਸਰਟੀਫਿਕੇਟ ਤਿਆਰ ਕੀਤਾ ਹੈ, ਤਾਂ ਉਹ ਸਬੰਧਤ ਸੇਵਾ ਨਿਯਮਾਂ ਦੇ ਉਪਬੰਧਾਂ ਅਨੁਸਾਰ ਅਜਿਹੇ ਕਰਮਚਾਰੀ ਨੂੰ ਨੌਕਰੀ ਤੋਂ ਹਟਾਉਣ ਜਾਂ ਬਰਖਾਸਤ ਕਰਨ ਲਈ ਕਾਰਵਾਈ ਸੁਰੂ ਕਰਦਾ ਹੈ। ਯੂਨੀਅਨ ਪਬਲਿਕ ਸਰਵਿਸ ਕਮਿਸਨ (ਯੂਪੀਐੱਸਸੀ) ਨੇ ਹਾਲ ਹੀ ਵਿੱਚ ਪ੍ਰੋਬੇਸਨਰੀ ਆਈਏਐੱਸ ਅਧਿਕਾਰੀ ਪੂਜਾ ਖੇਦਕਰ ਦੀ ਅਸਥਾਈ ਉਮੀਦਵਾਰੀ ਨੂੰ ਰੱਦ ਕਰ ਦਿੱਤਾ ਸੀ ਅਤੇ ਉਸ ਨੂੰ ਉਸ ਦੀ ਯੋਗਤਾ ਤੋਂ ਵੱਧ ਸਿਵਲ ਸੇਵਾਵਾਂ ਦੀ ਪ੍ਰੀਖਿਆ ਵਿੱਚ ਧੋਖਾਧੜੀ ਕਰਨ ਦੀ ਕੋਸ਼ਿਸ਼ ਕਰਨ ਲਈ ਭਵਿੱਖ ਦੀਆਂ ਸਾਰੀਆਂ ਪ੍ਰੀਖਿਆਵਾਂ ਤੋਂ ਰੋਕ ਦਿੱਤਾ ਗਿਆ ਸੀ। ਉਸ 'ਤੇ ਅਪੰਗਤਾ ਅਤੇ ਹੋਰ ਪਛੜੀਆਂ ਸ੍ਰੇਣੀਆਂ ਦੇ ਕੋਟੇ ਦੀ ਦੁਰਵਰਤੋਂ ਕਰਨ ਦਾ ਵੀ ਦੋਸ ਹੈ। ਸਿੰਘ ਨੇ ਕਿਹਾ ਕਿ ਜਾਤੀ/ਕਮਿਊਨਿਟੀ ਸਰਟੀਫਿਕੇਟ ਜਾਰੀ ਕਰਨ ਅਤੇ ਤਸਦੀਕ ਕਰਨ ਦੀ ਜ਼ਿੰਮੇਵਾਰੀ ਸਬੰਧਤ ਰਾਜ ਸਰਕਾਰਾਂ ਦੀ ਹੈ। ਮੰਤਰੀ ਨੇ ਕਿਹਾ ਕਿ ਰਾਜਾਂ ਅਤੇ ਕੇਂਦਰ ਸਾਸਤ ਪ੍ਰਦੇਸਾਂ ਦੇ ਕਈ ਮੌਕਿਆ 'ਤੇ ਇਹ ਯਕੀਨੀ ਬਣਾਉਣ ਦੀ ਬੇਨਤੀ ਕੀਤੀ ਗਈ ਹੈ ਕਿ ਜ਼ਿਲ੍ਹਾ ਅਥਾਰਟੀ ਨੂੰ ਭੇਜੇ ਗਏ ਜਾਤੀ ਪ੍ਰਮਾਣ ਪੱਤਰਾਂ ਦੀ ਤਸਦੀਕ ਕੀਤੀ ਜਾਵੇ ਅਤੇ ਅਜਿਹੀ ਅਥਾਰਟੀ ਤੋਂ ਬੇਨਤੀ ਪ੍ਰਾਪਤ ਹੋਣ ਦੇ ਇੱਕ ਮਹੀਨੇ ਦੇ ਅੰਦਰ ਨਿਯੁਕਤੀ ਅਥਾਰਟੀ ਨੂੰ ਜਾਣਕਾਰੀ ਦਿੱਤੀ ਜਾਵੇ। ਉਹਨਾਂ ਨੇ ਕਿਹਾ,"ਜੇਕਰ ਸਬੰਧਤ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਅਧਿਕਾਰੀਆਂ ਤੋਂ ਇੱਕ ਮਹੀਨੇ ਦੀ ਮਿਆਦ ਦੇ ਅੰਦਰ ਕੋਈ ਰਿਪੋਰਟ ਪ੍ਰਾਪਤ ਨਹੀਂ ਹੁੰਦੀ ਤਾਂ ਮੰਤਰਾਲਿਆਂ ਜਾਂ ਵਿਭਾਗਾਂ ਨੂੰ ਤਸਦੀਕ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਰਾਜਾਂ/ਕੇਂਦਰ ਸਾਸਿਤ ਪ੍ਰਦੇਸਾਂ ਨਾਲ ਮਾਮਲਾ ਉਠਾਉਣਾ ਜ਼ਰੂਰੀ ਹੈ।"

## ਪ੍ਰੇਮੀ ਨਾਲ ਵਿਆਹ ਕਰਨ ਲਈ ਭੈਣ ਕਰ ਰਹੀ ਸੀ ਜ਼ਿੱਦ, ਗੁੱਸੇ 'ਚ ਭਰਾ ਨੇ ਦਿੱਤੀ ਦਰਦਨਾਕ ਮੌਤ

ਨੈਸਨਲ ਡੈਸਕ 11 ਅਗਸਤ। ਜ਼ਿਲ੍ਹੇ ਦੇ ਇਕ ਨੌਜਵਾਨ ਨੇ ਬੁੱਧਵਾਰ ਨੂੰ ਕਥਿਤ ਤੌਰ 'ਤੇ ਆਪਣੀ ਨਾਬਾਲਗ ਭੈਣ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ, ਕਿਉਂਕਿ ਉਹ ਆਪਣੀ ਪਸੰਦ ਦੇ ਵਿਅਕਤੀ ਨਾਲ ਵਿਆਹ ਕਰਨਾ ਚਾਹੁੰਦੀ ਸੀ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਨੇ ਕਾਤਲ ਭਰਾ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਲਾਸ ਨੂੰ ਕਬਜ਼ੇ ਵਿਚ ਲੈਂਦੇ ਹੋਏ ਪੋਸਟਮਾਰਟਮ ਲਈ ਭੇਜ ਦਿੱਤਾ। ਐੱਸਪੀ (ਦਿਹਾਤੀ) ਕਮਲੇਸ ਬਹਾਦਰ ਨੇ ਦੱਸਿਆ ਕਿ ਇੰਚੋਲੀ ਖੇਤਰ ਦੇ ਪਿੰਡ ਨੰਗਲਾ ਸੇਖੂ ਦੀ ਰਹਿਣ ਵਾਲੀ 16 ਸਾਲਾ ਲੜਕੀ ਦੀ ਉਸ ਦੇ ਵੱਡੇ ਭਰਾ ਹਸੀਨ (29) ਨੇ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਬਹਾਦੁਰ ਅਨੁਸਾਰ ਮ੍ਰਿਤਕ ਕੁੜੀ ਦੇ ਕਿਸੇ ਹੋਰ ਭਾਈਚਾਰੇ ਦੇ ਵਿਅਕਤੀ ਨਾਲ ਪ੍ਰੇਮ




ਸਬੰਧ ਸਨ, ਜਿਸ 'ਤੇ ਪਰਿਵਾਰ ਵਾਲਿਆਂ ਨੂੰ ਇਤਰਾਜ਼ ਸੀ ਅਤੇ ਉਹ ਕੁਝ ਮਹੀਨੇ ਪਹਿਲਾਂ ਉਸ ਨੂੰ ਲੈ ਕੇ ਭੱਜ ਗਈ ਸੀ। ਬਹਾਦੁਰ ਨੇ ਦੱਸਿਆ ਕਿ ਲੜਕੀ ਨੂੰ ਵਾਪਸ ਲਿਆਂਦਾ ਗਿਆ ਅਤੇ ਵਿਅਕਤੀ ਨੂੰ ਅਗਵਾ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਲੜਕੀ ਦੇ ਵਾਪਸ ਆਉਣ ਦੇ ਬਾਵਜੂਦ ਉਸ ਦੇ ਘਰ ਵਿਚ ਤਣਾਅ ਬਣਿਆ ਰਿਹਾ। ਉਸ ਨੇ ਕਿਹਾ,"ਉਸ ਦੇ ਪਰਿਵਾਰ ਵਾਲੇ ਚਾਹੁੰਦੇ ਸਨ ਕਿ ਉਸ ਦਾ ਵਿਆਹ ਕਿਸੇ ਹੋਰ ਨਾਲ ਹੋ ਜਾਵੇ ਪਰ ਉਹ ਇਸ ਗੱਲ ਨੂੰ ਲੈ ਕੇ ਉਨ੍ਹਾਂ ਨਾਲ ਝਗੜਾ ਕਰਦੀ ਰਹਿੰਦੀ ਸੀ।" ਗੁਆਂਢੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਸਵੇਰੇ ਕੁੜੀ ਦੀ ਆਪਣੇ ਭਰਾ ਨਾਲ ਆਪਣੀ ਪਸੰਦ ਦੇ ਨੌਜਵਾਨ ਨਾਲ ਵਿਆਹ ਕਰਨ ਨੂੰ ਲੈ ਕੇ ਬਹਿਸ ਹੋ ਗਈ ਸੀ। ਬਹਾਦਰ ਨੇ ਦੱਸਿਆ,"ਇਸ ਤਕਰਾਰ ਦੌਰਾਨ ਉਸ ਦਾ ਭਰਾ ਹਸੀਨ ਗੁੱਸੇ 'ਚ ਆ ਗਿਆ ਅਤੇ ਉਸ ਨੇ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਸ ਨੇ ਕਤਲ ਦੇ ਦੋਸ ਹੇਠ ਮੁਲਜਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕੁੜੀ ਦੀ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।